Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post
Vol 18 *Issue 125 Friday, June 28, 2019 Tel: 905-793-2202 | Fax: 905-793-2282 | news@punjabipost.ca

TOP 4% TREB REALTOR 2018
Buy With $0 Down Program
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com

To view our online newspaper visit punjabipost.ca/epaper THE ONLY DAILY PUNJABI NEWS ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਮੈਰੀਜੁਆਨਾ ਦੇ ਕਾਨੂੰਨੀਕਰਨ ਸਬੰਧੀ ਫੈਸਲਾ ਨਹੀਂ ਬਦਲਣਗੇ ਕੰਜ਼ਰਵੇਟਿਵ : ਸ਼ੀਅਰ



ਓਟਵਾ, 27 ਜੂਨ (ਪੋਸਟ ਬਿਊਰੋ) : ਮੈਰੀਜੁਆਨਾ ਦੇ ਕਾਨੂੰਨੀਕਰਨ ਦਾ ਪਹਿਲਾਂ ਵਿਰੋਧ ਕਰਨ ਵਾਲੇ ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਦਾ ਹੁਣ ਕਹਿਣਾ ਹੈ ਕਿ ਕੰਜ਼ਰਵੇਟਿਵ ਸਰਕਾਰ ਨਾ ਸਿਰਫ ਮੈਰੀਜੁਆਨਾ ਦੇ ਕਾਨੂੰਨੀਕਰਨ ਨੂੰ ਬਰਕਰਾਰ ਰੱਖੇਗੀ ਸਗੋਂ ਮੈਰੀਜੁਆਨਾ ਰੱਖਣ ਦੇ ਸਬੰਧ ਵਿੱਚ ਦੋਸ਼ੀ ਪਾਏ ਜਾਣ ਵਾਲੇ ਕੈਨੇਡੀਅਨਾਂ ਨੂੰ ਮੁਆਫੀ ਦੇਣ ਦੇ ਹੱਕ ਵਿੱਚ ਵੀ ਭੁਗਤੇਗੀ।

ਜ਼ਿਕਰਯੋਗ ਹੈ ਕਿ ਜਦੋਂ ਮੈਰੀਜੁਆਨਾ ਦਾ ਕਾਨੂੰਨੀਕਰਨ ਕਰਨ ਦੀ ਪ੍ਰਕਿਰਿਆ ਚੱਲ ਰਹੀ ਸੀ ਤਾਂ ਸਕੌਟ ਰੀਡ ਨੂੰ ਛੱਡ ਕੇ ਹਰੇਕ ਕੰਜ਼ਰਵੇਟਿਵ ਐਮਪੀ ਨੇ ਹਾਊਸ ਵਿੱਚ ਬਿੱਲ ਦੀ ਤੀਜੀ ਰੀਡਿੰਗ ਸਮੇਂ ਜਾਂ ਤਾਂ ਇਸ ਦੇ ਖਿਲਾਫ ਵੋਟ ਪਾਈ ਸੀ ਤੇ ਜਾਂ ਵੋਟ ਪਾਉਣ ਤੋਂ ਗੁਰੇਜ਼ ਕੀਤਾ ਸੀ। ਸ਼ੀਅਰ ਉਨ੍ਹਾਂ ਆਗੂਆਂ ਵਿੱਚੋਂ ਸਨ ਜਿਨ੍ਹਾਂ ਨੇ ਇਸ ਦੇ ਖਿਲਾਫ ਵੋਟ ਪਾਈ ਸੀ। ਅਕਤੂਬਰ ਵਿੱਚ ਇੱਕ ਇੰਟਰਵਿਊ ਦੌਰਾਨ ਸ਼ੀਅਰ ਨੇ ਇਸ ਸਵਾਲ ਦਾ ਕੋਈ ਸਪਸ਼ਟ ਉੱਤਰ ਨਹੀਂ ਸੀ ਦਿੱਤਾ ਕਿ ਕੰਜ਼ਰਵੇਟਿਵ ਆਪਣੀ ਸਰਕਾਰ ਆਉਣ ਉੱਤੇ ਮੈਰੀਜੁਆਨਾ ਨੂੰ ਮੁੜ ਗੈਰਕਾਨੂੰਨੀ ਕਰਾਰ ਦੇ ਦੇਣਗੇ।

ਪਰ ਇਸ ਇੰਟਰਵਿਊ ਦੇ ਨਸ਼ਰ ਹੋਣ ਤੋਂ ਛੇ ਦਿਨ ਬਾਅਦ ਹੀ ਸ਼ੀਅਰ ਨੇ ਇੱਕ ਹੋਰ ਇੰਟਰਵਿਊ ਵਿੱਚ ਇਹ ਆਖਿਆ ਸੀ ਕਿ ਕੰਜ਼ਰਵੇਟਿਵਾਂ ਦੀ ਸਰਕਾਰ ਦਾ ਮੈਰੀਜੁਆਨਾ ਨੂੰ ਮੁੜ ਗੈਰਕਾਨੂੰਨੀ ਕਰਨ ਦਾ ਕੋਈ ਇਰਾਦਾ ਨਹੀਂ ਹੋਵੇਗਾ। ਪਰ ਉਨ੍ਹਾਂ ਇਸ ਵਿੱਚ ਥੋੜ੍ਹੀਆਂ ਬਹੁਤ ਸੋਧਾਂ ਕਰਨ ਦੀ ਗੱਲ ਵੀ ਆਖੀ ਸੀ। ਉਦੋਂ ਤੋਂ ਹੀ ਟੋਰੀਜ਼ ਵੀ ਸ਼ੀਅਰ ਦੇ ਇਸ ਨਵੇਂ ਫੈਸਲੇ ਵਿੱਚ ਉਨ੍ਹਾਂ ਦਾ ਸਾਥ ਦੇ ਰਹੇ ਹਨ।

ਮੈਰੀਜੁਆਨਾ ਰੱਖਣ ਦੇ ਮਾਮਲੇ ਨਾਲ ਜੁੜੇ ਲੋਕਾਂ ਨੂੰ ਮੁਆਫੀ ਦੇਣ ਸਬੰਧੀ ਲਿਆਂਦੇ ਗਏ ਲਿਬਰਲ ਬਿੱਲ ਉੱਤੇ ਕਰਵਾਈ ਗਈ ਵੋਟਿੰਗ ਮੌਕੇ ਕੰਜ਼ਰਵੇਟਿਵਾਂ ਨੇ ਜਾਂ ਤਾਂ ਵੋਟ ਪਾਉਣ ਤੋਂ ਹੀ ਗੁਰੇਜ਼ ਕੀਤਾ ਤੇ ਜਾਂ ਫਿਰ ਇਸ ਦੇ ਹੱਕ ਵਿੱਚ ਵੋਟ ਪਾਈ।

...ਬਾਕੀ ਪੰਨਾ 6 'ਤੇ

## ਜੀ-20 ਸਿਖਰ ਵਾਰਤਾ ਦੌਰਾਨ ਚੀਨ ਮੁੱਦੇ ਉੱਤੇ ਆਪਣੇ ਭਾਈਵਾਲਾਂ ਉੱਤੇ ਟੇਕ ਲਾਈ ਬੈਠੇ ਹਨ ਟਰੂਡੋ



ਓਸਾਕਾ, ਜਾਪਾਨ, 27 ਜੂਨ (ਪੋਸਟ ਬਿਊਰੋ) : ਜੀ-20 ਸਿਖਰ ਵਾਰਤਾ ਵਿੱਚ ਹਿੱਸਾ ਲੈਣ ਲਈ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਓਸਾਕਾ, ਜਾਪਾਨ ਪਹੁੰਚ ਚੁੱਕੇ ਹਨ। ਇੱਥੇ ਉਹ ਚੀਨ ਵਿੱਚ ਨਜ਼ਰਬੰਦ ਦੋ ਕੈਨੇਡੀਅਨਾਂ ਦਾ ਮੁੱਦਾ ਉਠਾਉਣ ਦਾ ਕੋਈ ਮੌਕਾ ਨਹੀਂ ਜਾਣ ਦੇਣਗੇ।

ਚੀਨ ਦੇ ਰਾਸ਼ਟਰਪਤੀ ਜ਼ੀ ਜ਼ਿੰਨਪਿੰਗ ਨਾਲ ਇਸ ਵਾਰਤਾ ਦੌਰਾਨ ਟਰੂਡੋ ਦੀ ਕੋਈ ਮੀਟਿੰਗ ਤੈਅ ਨਹੀਂ ਹੈ। ਪਰ ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਵੱਲੋਂ ਟਰੂਡੋ ਨਾਲ ਇਹ ਵਾਅਦਾ ਕੀਤਾ ਗਿਆ ਹੈ ਕਿ ਉਹ ਚੀਨ ਦੇ ਰਾਸ਼ਟਰਪਤੀ ਨਾਲ ਹੋਣ ਵਾਲੀ ਆਪਣੀ ਮੀਟਿੰਗ ਵਿੱਚ ਇਹ ਮੁੱਦਾ ਜ਼ਰੂਰ ਉਠਾਉਣਗੇ। ਇਸ ਤੋਂ ਇਲਾਵਾ ਟਰੂਡੋ ਆਪਣੀ ਸੋਚ ਨਾਲ ਮੇਲ ਖਾਣ ਵਾਲੇ ਆਪਣੇ ਭਾਈਵਾਲਾਂ ਉੱਤੇ ਇਸ ਬਾਰੇ ਕੁੱਝ ਕਰਨ ਲਈ ਟੇਕ ਲਾਈ ਬੈਠੇ ਹਨ ਤੇ ਇਸ ਬਾਰੇ ਉਹ ਫਰਾਂਸ, ਜਰਮਨੀ ਤੇ ਸਪੇਨ ਦੇ ਆਗੂਆਂ ਨਾਲ ਪਹਿਲਾਂ ਹੀ ਗੱਲ ਵੀ ਕਰ ਚੁੱਕੇ ਹਨ।

ਸ਼ੁੱਕਰਵਾਰ ਨੂੰ ਟਰੂਡੋ ਕਲਾਈਮੇਟ ਚੇਂਜ ਆਦਿ ਵਰਗੇ ਹੋਰਨਾਂ ਮੁੱਦਿਆਂ ਉੱਤੇ ਆਪਣੇ ਯੂਰਪੀਅਨ ਭਾਈਵਾਲਾਂ ਨਾਲ ਵਿਚਾਰ ਵਟਾਂਦਰਾ ਕਰਨਗੇ ਤੇ ਇਹ ਵੀ ਸੰਭਾਵਨਾ ਪ੍ਰਗਟਾਈ ਜਾ ਰਹੀ ਹੈ ਕਿ ਇਸ ਦੌਰਾਨ ਹੀ ਉਹ ਚੀਨ ਦਾ ਮੁੱਦਾ ਵੀ ਛੋਹਣਗੇ।

...ਬਾਕੀ ਪੰਨਾ 6 'ਤੇ

## ਪਿਓ-ਧੀ ਦੀਆਂ ਲਾਸ਼ਾਂ ਦੀ ਫੋਟੋ ਨਾਲ ਟਰੰਪ ਦੀ ਇਮੀਗ੍ਰੇਸ਼ਨ ਨੀਤੀ ਉੱਤੇ ਨਵੇਂ ਸਿਰਿਓਂ ਬਹਿਸ ਛਿੜੀ



ਵਾਸ਼ਿੰਗਟਨ, 27 ਜੂਨ, (ਪੋਸਟ ਬਿਊਰੋ)- ਅਮਰੀਕਾ ਵੱਲ ਆ ਰਹੇ ਇੱਕ ਬਾਪ-ਬੇਟੀ ਦੀ ਮੌਤ ਦੀਆਂ ਤਸਵੀਰਾਂ ਕਾਰਨ ਦੁਨੀਆ ਵਿੱਚ ਵੀ ਅਤੇ ਅਮਰੀਕਾ ਵਿੱਚ ਵੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਇਮੀਗਰੇਸ਼ਨ ਨੀਤੀ ਬਾਰੇ ਨਵੇਂ ਸਿਰਿਉਂ ਬਹਿਸ ਛਿੜ ਗਈ ਹੈ, ਜਿਸ ਦੌਰਾਨ ਅਮਰੀਕਾ ਦੀ ਤਿੱਖੀ ਆਲੋਚ-ਨਾ ਕੀਤੀ ਜਾ ਰਹੀ ਹੈ।

ਵਰਨਣ ਯੋਗ ਹੈ ਕਿ ਅਮਰੀਕਾ ਅਤੇ ਮੈਕਸੀਕੋ ਸਰਹੱਦ ਉੱਤੇ ਵਹਿੰਦੀ ਰੀਓ ਗ੍ਰੈਂਡ ਨਦੀ ਦੇ ਕੰਢੇ ਇਕ ਸ਼ਰਨਾਰਥੀ ਪਿਓ-ਧੀ ਦੀਆਂ ਲਾਸ਼ਾਂ ਮਿਲਣ ਦੀ ਤਸਵੀਰ ਇਸ ਵੇਲੇ ਹਰ ਥਾਂ ਚਰਚਾ ਵਿੱਚ ਹੈ, ਜਿਸ ਨੇ ਪੂਰੀ ਦੁਨੀਆ ਨੂੰ ਹਿਲਾ ਦਿੱਤਾ ਹੈ। ਇਸ ਤਸਵੀਰ ਵਿੱਚ ਸ਼ਰਨਾਰਥੀ ਆਸਕਰ ਅਲਬਰਟੋ (25) ਆਪਣੀ ਸਿਰਫ 23 ਮਹੀਨੇ ਦੀ ਧੀ ਐਂਜੀ ਵਲੇਰੀਆ ਨਾਲ ਅਮਰੀਕਾ ਵਿੱਚ ਸ਼ਰਨ ਲੈਣ ਲਈ ਆਉਂਦਾ ਮਾਰਿਆ ਗਿਆ ਹੈ। ਅਲ ਸਲਵਾਡੋਰ ਦਾ ਨਾਗਰਿਕ ਆਸਕਰ ਆਪਣੀ ਧੀ ਨੂੰ ਪਿੱਠ ਉੱਤੇ ਬੰਨ੍ਹ ਕੇ ਨਦੀ ਪਾਰ ਕਰ ਰਿਹਾ ਸੀ ਤਾਂ ਕਿ ਅਮਰੀਕਾ ਦੇ ਟੈਕਸਾਸ ਸ਼ਹਿਰ ਤੱਕ ਪਹੁੰਚ ਜਾਵੇ, ਪਰ ਨਦੀ ਵਿੱਚ ਡੁੱਬ ਜਾਣ ਨਾਲ ਦੋਵਾਂ ਦੀ ਮੌਤ ਹੋ ਗਈ ਸੀ ਤੇ ਦੋਵਾਂ ਦੀਆਂ ਲਾਸ਼ਾਂ ਨਦੀ ਕਿਨਾਰੇ ਮੂਧੇ ਮੂੰਹ ਪਈਆਂ ਮਿਲਣ ਦੀਆਂ ਤਸਵੀਰ ਵਿੱਚ ਮਾਸੂਮ ਧੀ ਦਾ ਸਿਰ ਆਪਣੇ ਪਿਓ ਦੀ ਟੀ-ਸ਼ਰਟ ਦੇ ਅੰਦਰ ਹੈ।

...ਬਾਕੀ ਪੰਨਾ 6 'ਤੇ

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

ALLKIND INSURANCE NOW HIRING !!!
SUPER VISA INSURANCE
VISITOR INSURANCE
LIFE INSURANCE • MORTGAGE INSURANCE • CRITICAL ILLNESS INS • DISABILITY INSURANCE • TRAVEL INS • FUNERAL INSURANCE • RESP & TFSA & RRSP
SIMRAN SAINI 416.994.7272 www.allkindinsurance.com

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

INSURANCE
Home Auto
Business Trucking
Life Insurance Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma Open Saturday
4515 Ebenezer Rd, Suite 211, Brampton, Ontario L6P2K7
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
905.796.7500
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

Mortgage! We Will Beat Any Rate !!!
*Each Mortgage Centre is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic. 12538
Harpreet Singh Goraya Principal Broker (Lic # M1200607)
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps • Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

KELLEY LAW OFFICE
Immigration Real Estate
Family Law Business Closing
Corporate Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।
1200 Derry Road E, #15, Mississauga, ON L5T 0B3
Shinder Kelley 905-362-0755

ਕੀ ਤੁਸੀ ਕਾਕਰੋਚ, ਚੂੱਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ੍ਹ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪ੍ਰਫੈਸ਼ਨਲ ਤੇ ਭਰੋਸਯੋਗ ਸੇਵਾਵਾ ਦਾ ਲਾਭ ਉਠਾਓ
Custom Kitchen Cabinets • Completly Furnished • Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

INTERMODAL DIVISION OF EVCRO INC
WANTED! OWNER OPERATORS
Qualifications: Minimum 2 years experience, Minimum 21 years of age with a clean abstract & CVOR.
Payment Weekly
Direct Deposit
Safety Bonus Program
Fuel surcharge paid
Container division paid per mile (additional paid on train units).
New rates!!!!
Call Matt, or Wayne at 1-800-265-8526

CN Forklift Training Center
Counterbalance All Types • Walkie pallet Low Lift • Electric Motor Narrow Aisle Reach • Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc. 647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

MANN LAW FIRM
Real Estate Law • Business Law
Wills & Estates • Family Law
Power of Attorney • Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

# "Happy Canada Day"

1 JULY HAPPY CANADA DAY!

ਕੈਨੇਡਾ ਡੇਅ ਦੀਆਂ ਵਧਾਈਆਂ



All the Canadians a very Happy & Prosperous Canada Day

## Kamal Khera

Member of parliament - Brampton West

35 Van Kirk Drive, Suite 10
Brampton, ON, L7A 1A5

(905)454-4758
kamal.khera@parl.gc.ca
kamalkheramp.ca

Happy Canada Day



## Ramesh Sangha

*Member of Parliament for Brampton Centre*

**RIDING OFFICE:**
100 Kennedy Road S,
Brampton, ON L6W3E7
Tel: (905)790-9211
Fax: (905)790-9507

**OTTAWA OFFICE:**
Confederation Building, Room 224
Ottawa, ON, K1A0A6
Tel: (613)922-9105
Fax: (613)947-0443

# TCMPLUS

**10 YEARS' FAMOUS TRADITIONAL CHINESE MEDICINE CLINIC**

Herbal and Acupuncture.
Treat your roots, Real Result "NO FAKE".

## WE TREAT:

- Diabetes
- Low Energy
- Depression
- Anxiety
- Gout
- Disc Pain
- Prostatitis
- High Blood Pressure
- Cron's Disease
- Colitis
- Stress
- Acid Reflux
- Digestive
- Sleep Disorder



1st Month Discount

**FREE CONSULTATION:** 905-415-6999
30 Wertheim court, Unit 11, Richmond Hill




chatr AUTHORIZED DEALER

379 Main St. North, Brampton, ON
905-451-0379

2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਬਾਕੀ ਮੁਲਕ ਦੀ ਢਿੱਲੀ ਪਈ ਰਾਜਨੀਤੀ,
ਚਰਚਾ ਵਿੱਚ ਆ ਜੰਮੂ-ਕਸ਼ਮੀਰ ਮੀਆਂ।
ਹਾਕਮ ਦਿੱਲੀ ਤੋਂ ਓਧਰ ਨੂੰ ਜਾਣ ਉੱਡਦੇ,
ਕਰਦੇ ਨਿੱਤ ਉਹ ਗਰਮ ਤਕਰੀਰ ਮੀਆਂ।
ਕੋਈ ਕਹਿੰਦਾ ਕਿ ਦੇਣੇ ਨੇ ਬਦਲ ਨਕਸ਼ੇ,
ਕਹਿੰਦਾ ਦੇਵਾਂਗੇ ਬਦਲ ਤਸਵੀਰ ਮੀਆਂ।
ਆਖਿਆ ਕਿਸੇ ਬਈ ਬਦਲ ਕਾਨੂੰਨ ਦੇਣਾ,
ਮੁਸ਼ਕਲ ਬਹੁਤ ਆਹ ਰੱਖਣੀ ਧੀਰ ਮੀਆਂ।
ਜੋੜਨੀ ਤੰਦ ਕੋਈ ਮੁਲਕ ਦੇ ਨਾਲ ਕਹਿੰਦਾ,
ਮੁਸ਼ਕਲ ਨਿੱਤ ਦੀ ਦੇਣੀ ਨਾ ਰਹਿਣ ਮੀਆਂ।
ਜਦ ਵੀ ਆਉਂਦਾ ਸੰਕੇਤ ਕੋਈ ਦੱਸਦਾ ਈ,
ਸੁੱਖਾਂ ਵੱਲ ਇਹ ਵਗੇ ਨਹੀਂ ਵਹਿਣ ਮੀਆਂ।

**ਤੀਸ ਮਾਰ ਖਾਂ**

# ਵਿੰਸਟਨ ਚਰਚਿਲ ਬੋਲੀਵੀਆਰਡ ਉੱਤੇ ਹੈਵੀ ਟਰੱਕਾਂ ਉੱਤੇ ਲਾਈ ਰੋਕ ਵਿੱਚ ਹੋਰ ਵਾਧਾ

ਬਰੈਂਪਟਨ, 27 ਜੂਨ (ਪੋਸਟ ਬਿਊਰੋ) : ਪੀਲ ਰੀਜਨ ਵੱਲੋਂ ਵਿੰਸਟਨ ਚਰਚਿਲ ਬੋਲੀਵੀਆਰਡ ਨੌਰਥ ਉੱਤੇ 10 ਸਾਈਡਰੋਡ ਤੋਂ ਮੇਅਫੀਲਡ ਰੋਡ ਤੱਕ ਹੈਵੀ ਟਰੱਕਾਂ ਉੱਤੇ ਲਾਈ ਗਈ ਰੋਕ ਹੋਰ ਵਧਾਅ ਦਿੱਤੀ ਗਈ ਹੈ।

ਰੀਜਨ ਆਫ ਪੀਲ ਵਿਖੇ ਡਾਇਰੈਕਟਰ ਆਫ ਟਰਾਂਸਪੋਰਟੇਸ਼ਨ ਗੈਰੀ ਕੋਸੀਆਲੇਕ ਨੇ ਦੱਸਿਆ ਕਿ ਬੋਵੇਅਰਡ ਡਰਾਈਵ/ਗਿਉਲੇਫ ਸਟਰੀਟ ਤੇ ਵਿੰਸਟਨ ਚਰਚਿਲ ਬੋਲੀਵੀਆਰਡ ਦੇ ਲਾਂਘੇ ਉੱਤੇ ਭਾਰੇ ਟਰੱਕ ਤੇ ਟਰੇਲਰ ਸੁਖਾਲੇ ਢੰਗ ਨਾਲ ਮੁੜ ਨਹੀਂ ਸਕਦੇ। ਇਸ ਲਾਂਘੇ ਉੱਤੇ ਮੁੜਨ ਵਾਲੇ ਭਾਰੀ ਟਰੱਕ ਹੋਰਨਾਂ ਗੱਡੀਆਂ ਤੇ ਪੈਦਲ ਜਾਣ ਵਾਲਿਆਂ ਲਈ ਖਤਰਾ ਖੜ੍ਹਾ ਕਰ ਸਕਦੇ ਹਨ। ਰੀਜਨ ਲਈ ਰੋਡ ਸੇਫਟੀ ਮੁੱਖ ਤਰਜੀਹ ਹੈ। ਅਸੀਂ ਵਿਜ਼ਨ ਜ਼ੀਰੋ ਫਰੇਮਵਰਕ ਅਪਣਾਇਆ ਹੈ ਜਿੱਥੇ ਕਿਸੇ ਇੱਕ ਸ਼ਖਸ ਦੀ ਜਾਨ ਨੂੰ ਖਤਰਾ ਮਨਜ਼ੂਰ ਨਹੀਂ। ਭਾਰੇ ਟਰੱਕਾਂ ਉੱਤੇ ਲੱਗੀ ਪਾਬੰਦੀ ਇਸੇ ਪਹੁੰਚ ਦਾ ਸਮਰਥਨ ਕਰਦੀ ਹੈ।

ਵਿੰਸਟਨ ਚਰਚਿਲ ਬੋਲੀਵੀਆਰਡ ਉੱਤੇ ਮੌਜੂਦਾ ਪਾਬੰਦੀਆਂ ਵਿੱਚ :

- ਸਟੀਲਜ਼ ਐਵਨਿਊ ਤੋਂ 10 ਸਾਈਡਰੋਡ ਤੱਕ ਹੈਵੀ ਟਰੱਕਾਂ ਉੱਤੇ ਪਾਬੰਦੀ
- ਸਟੀਲਜ਼ ਐਵਨਿਊ ਤੋਂ ਬੋਵੇਅਰਡ ਡਰਾਈਵ/ਗਿਉਲੇਫ ਸਟਰੀਟ ਤੱਕ ਸੀਜ਼ਨਲ (ਮਾਰਚ/ਅਪਰੈਲ) ਐਕਸਲ ਲੋਡ ਉੱਤੇ ਪਾਬੰਦੀ
- ਬੋਵੇਅਰਡ ਡਰਾਈਵ ਤੋਂ ਬੁੱਸ਼ ਸਟਰੀਟ ਤੱਕ ਐਕਸਲ ਲੋਡ ਉੱਤੇ ਪਾਬੰਦੀ (ਸਾਰਾ ਸਾਲ)

ਵਿੰਸਟਨ ਚਰਚਿਲ ਬੋਲੀਵੀਆਰਡ ਹਾਲਟਨ ਰੀਜਨ ਨਾਲ ਲੱਗਦੀ ਬਾਊਂਡਰੀ ਰੋਡ ਹੈ। 2017 ਵਿੱਚ ਟਾਊਨ ਆਫ ਹਾਲਟਨ ਹਿੱਲਜ਼ ਨੂੰ ਨੌਰਵਲ ਦੇ ਵਾਸੀਆਂ ਵੱਲੋਂ ਇੱਕ ਪਟੀਸ਼ਨ ਦਿੱਤੀ ਗਈ ਸੀ ਜਿਸ ਵਿੱਚ ਨੌਰਵਲ ਰਾਹੀਂ ਲੰਘਣ ਵਾਲੇ ਟਰੱਕ ਟਰੈਫਿਕ ਉੱਤੇ ਚਿੰਤਾ ਪ੍ਰਗਟਾਈ ਗਈ ਸੀ ਤੇ ਇਸ ਲਈ ਟਰੱਕਾਂ ਉੱਤੇ ਸਬੰਧਤ ਪਾਬੰਦੀਆਂ ਲਾਉਣ ਦੀ ਮੰਗ ਕੀਤੀ ਗਈ ਸੀ।

ਇਸ ਸਬੰਧੀ ਕਰਵਾਏ ਗਏ ਅਧਿਐਨ ਵਿੱਚ ਪਾਇਆ ਗਿਆ ਕਿ ਨੌਰਵਲ ਤੇ ਬੋਵੇਅਰਡ ਡਰਾਈਵ/ਗਿਉਲੇਫ ਸਟਰੀਟ ਤੇ ਵਿੰਸਟਲ ਚਰਚਿਲ ਬੋਲੀਵੀਆਰਡ ਰਾਹੀਂ ਲੰਘਣ ਵਾਲਾ ਟਰੱਕ ਟਰੈਫਿਕ ਬੋਵੇਅਰਡ ਡਰਾਈਵ/ਗਿਉਲੇਫ ਸਟਰੀਟ ਉੱਤੇ ਸਿੱਧਾ ਈਸਟ/ਵੈਸਟ ਉੱਤੇ ਚੱਲਦਾ ਹੈ। ਵਿੰਸਟਨ ਚਰਚਿਲ ਬੋਲੀਵੀਆਰਡ ਉੱਤੇ ਟਰੱਕ ਵਾਲੀਊਮ ਮੁਕਾਬਲਤਨ ਘੱਟ ਹੈ। ਇਸ ਅਧਿਐਨ ਤੋਂ ਇਲਾਵਾ ਫੀਲਡ ਇਨਵੈਸਟੀਗੇਸ਼ਨ ਵੀ ਕਰਵਾਈ ਗਈ। ਲਾਂਘੇ ਉੱਤੇ ਵੀ ਕੁੱਝ ਸੋਧਾਂ ਕਰਵਾਈਆਂ ਗਈਆਂ।

# ਸਿੱਕਕਿਡਜ਼ ਦੇ ਇਨਫਰਾਸਟ੍ਰਕਚਰ ਵਿੱਚ ਨਿਵੇਸ਼ ਰਾਹੀਂ ਆਲ੍ਹਾ ਸਿਹਤ ਸੇਵਾਵਾਂ ਮੁਹੱਈਆ ਕਰਾਵੇਗੀ ਫੋਰਡ ਸਰਕਾਰ

ਟੋਰਾਂਟੋ, 27 ਜੂਨ (ਪੋਸਟ ਬਿਊਰੋ) : ਬੱਚਿਆਂ ਦੀ ਸਿਹਤ ਸੰਭਾਲ ਦੇ ਮਾਮਲੇ ਵਿੱਚ ਓਨਟਾਰੀਓ ਦਾ ਕੋਈ ਸਾਨੀ ਨਹੀਂ ਹੈ। ਪਰ ਨੌਜਵਾਨ, ਕਮਜ਼ੋਰ ਮਰੀਜ਼ਾਂ ਦਾ ਇਲਾਜ ਅਜਿਹੀਆਂ ਇਮਾਰਤਾਂ ਵਿੱਚ ਹੋ ਰਿਹਾ ਹੈ ਜਿਹੜੀਆਂ ਉੱਚ ਮਿਆਰੀ ਨਹੀਂ ਹਨ ਤੇ ਜਿੱਥੇ ਬਹੁਤ ਵਧੀਆ ਸੇਵਾਵਾਂ ਵੀ ਮੁਹੱਈਆ ਨਹੀਂ ਕਰਵਾਈਆਂ ਜਾ ਰਹੀਆਂ।



ਆਪਣੇ ਲੋਕਾਂ ਦੀ ਹਿਫਾਜ਼ਤ ਲਈ ਓਨਟਾਰੀਓ ਸਰਕਾਰ ਨੇ ਨਵੇਂ ਪੀਟਰ ਗਿਲਗਨ ਫੈਮਿਲੀ ਪੇਸ਼ੈਂਟ ਕੇਅਰ ਟਾਵਰ ਦੀ ਉਸਾਰੀ ਅਤੇ ਬਲੱਡ ਐਂਡ ਮੈਰੋਅ ਟਰਾਂਸਪਲਾਂਟ/ਸੈਲੂਲਰ ਥੈਰੇਪੀ ਯੂਨਿਟ ਦੀ ਉਸਾਰੀ ਵਿੱਚ ਨਿਵੇਸ਼ ਕਰਨ ਦਾ ਆਪਣਾ ਵਾਅਦਾ ਦੁਹਰਾਇਆ। ਪ੍ਰੋਵਿੰਸ ਭਰ ਵਿੱਚ ਅਗਲੇ ਦਸ ਸਾਲਾਂ ਵਿੱਚ ਹਸਪਤਾਲਾਂ ਨਾਲ ਸਬੰਧਤ ਨਵੇਂ ਇਨਫਰਾਸਟ੍ਰਕਚਰ ਦਾ ਨਿਰਮਾਣ ਤੇ ਇਸ ਦਾ ਪਸਾਰ ਕਰਨ ਲਈ 27 ਬਿਲੀਅਨ ਡਾਲਰ ਨਿਵੇਸ਼ ਕਰਨ ਦੀ ਸਰਕਾਰ ਦੀ ਯੋਜਨਾ ਦਾ ਹੀ ਇਹ ਹਿੱਸਾ ਹੈ।

ਫੋਰਡ ਨੇ ਆਖਿਆ ਕਿ ਅਸੀਂ ਓਨਟਾਰੀਓ ਦੇ ਪਰਿਵਾਰਾਂ ਦੀ ਹਿਫਾਜ਼ਤ ਕਰਨ ਤੇ ਹਾਲਵੇਅ ਹੈਲਥਕੇਅਰ ਖ਼ਤਮ ਕਰਨ ਦਾ ਵਾਅਦਾ ਕੀਤਾ ਸੀ। ਇਸ ਲਈ ਅਸੀਂ ਸਿੱਕਕਿਡਜ਼ ਵਿਖੇ ਅਹਿਮ ਪੈਡੀਐਟ੍ਰਿਕ ਸੇਵਾਵਾਂ ਦੇ ਪਸਾਰ ਅਤੇ ਇਸ ਸਬੰਧੀ ਰੀਡਿਵੈਲਪਮੈਂਟ ਦੇ ਆਪਣੇ ਵਾਅਦੇ ਨੂੰ ਪੂਰਾ ਕਰਨ ਜਾ ਰਹੇ ਹਾਂ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਨੂੰ ਦੁਨੀਆਂ ਭਰ ਵਿੱਚੋਂ ਉਮਦਾ ਪੈਡਿਐਟ੍ਰਿਕ ਕੇਅਰ ਮਿਲ ਸਕੇ।

ਜਦੋਂ ਸਿੱਕਕਿਡਜ਼ ਦੇ ਪੂਰੇ ਕੈਂਪਸ ਦੀ ਰੀਡਿਵੈਲਪਮੈਂਟ ਮੁਕੰਮਲ ਹੋ ਜਾਵੇਗੀ ਤਾਂ ਮਰੀਜ਼ਾਂ ਤੇ ਪਰਿਵਾਰਾਂ ਨੂੰ ਆਧੁਨਿਕ ਤੇ ਹੇਠ ਲਿਖੀਆਂ ਚੰਗੀਆਂ ਸੇਵਾਂਵਾਂ ਮਿਲਣਗੀਆਂ :

- ਕ੍ਰਿਟੀਕਲ ਕੇਅਰ
- ਪੈਡਿਐਟ੍ਰਿਕ ਸਰਜਰੀ
- ਐਮਰਜੰਸੀ ਮੈਡੀਸਿਨ
- ਆਊਟਪੇਸ਼ੈਂਟ ਡਾਇਗਨੌਸਟਿਕਸ
- ਸਪੈਸ਼ਿਐਲਿਟੀ ਆਊਟਪੇਸ਼ੈਂਟ ਕਲੀਨਿਕਸ
- ਬਲੱਡ ਐਂਡ ਮੈਰੋਅ ਟਰਾਂਸਪਲਾਂਟ/ਸੈਲੂਲਰ ਥੈਰੇਪੀ

ਇਸ ਮੌਕੇ ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਨੇ ਆਖਿਆ ਕਿ ਸਿੱਕਕਿਡਜ਼ ਵਿਖੇ ਨਵੇਂ ਪੀਟਰ ਗਿਲਗਨ ਫੈਮਿਲੀ ਪੇਸ਼ੈਂਟ ਕੇਅਰ ਟਾਵਰ ਤੇ ਮੌਜੂਦਾ ਬਲੱਡ ਐਂਡ ਮੈਰੋਅ ਟਰਾਂਸਪਲਾਂਟ/ਸੈਲੂਲਰ ਥੈਰੇਪੀ ਯੂਨਿਟ ਦੇ ਪਸਾਰ ਨਾਲ ਨੌਜਵਾਨ ਮਰੀਜ਼ਾਂ ਤੇ ਉਨ੍ਹਾਂ ਦੇ ਪਰਿਵਾਰਾਂ ਦੀਆਂ ਜ਼ਿੰਦਗੀਆਂ ਵਿੱਚ ਕਾਫੀ ਫਰਕ ਆਵੇਗਾ। ਇਸ ਸਮੇਂ ਪ੍ਰੋਜੈਕਟ ਹੌਰੀਜ਼ੋਨ ਤਹਿਤ ਹਸਪਤਾਲ ਨੂੰ ਨਵਾਂ ਰੰਗਰੂਪ ਦੇਣ ਦਾ ਕੰਮ ਚੱਲ ਰਿਹਾ ਹੈ ਤੇ ਸਿੱਕਕਿਡਜ਼ ਦੀ ਮੌਜੂਦਾ ਬਲੱਡ ਐਂਡ ਮੈਰੋਅ ਟਰਾਂਸਪਲਾਂਟ/ਸੈਲੂਲਰ ਥੈਰੇਪੀ ਯੂਨਿਟ ਦੀ ਮੁਰੰਮਤ ਨਾਲ ਅਲੱਗ ਤੌਰ ਉੱਤੇ ਰੱਖੇ ਜਾਣ ਵਾਲੇ ਮਰੀਜ਼ਾਂ ਲਈ ਸੇਵਾਵਾਂ ਵਿੱਚ ਵਾਧਾ ਹੋਵੇਗਾ। ਇਸ ਯੂਨਿਟ ਦੀ ਮੁਰੰਮਤ ਦਾ ਕੰਮ 2022 ਦੀਆਂ ਗਰਮੀਆਂ ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ।

ਇਸ ਦੌਰਾਨ ਸਿੱਕਕਿਡਜ਼ ਦੇ ਪ੍ਰੈਜ਼ੀਡੈਂਟ ਤੇ ਸੀਈਓ ਡਾ. ਰੋਨਾਲਡ ਕੋਹਨ ਨੇ ਆਖਿਆ ਕਿ ਅਸੀਂ ਓਨਟਾਰੀਓ ਸਰਕਾਰ ਦੇ ਬਹੁਤ ਸ਼ੁਕਰਗੁਜ਼ਾਰ ਹਾਂ ਕਿ ਅਸੀਂ ਭਵਿੱਖ ਲਈ ਪਰਿਵਾਰ ਤੇ ਪੇਸ਼ੈਂਟ ਸੈਂਟਰਡ ਹਸਪਤਾਲ ਦਾ ਨਿਰਮਾਣ ਕਰਨ ਵਿੱਚ ਕਾਮਯਾਬ ਹੋਵਾਂਗੇ। ਜਿੱਥੇ ਮਿਆਰੀ ਸਿਹਤ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਸਕਣਗੀਆਂ।

ਪ੍ਰੀਮੀਅਰ ਫੋਰਡ ਤੇ ਕੈਬਨਿਟ ਤੇ ਕਾਕਸ ਮੈਂਬਰਾਂ ਨੂੰ ਅੱਜ ਹਸਪਤਾਲ ਦਾ ਦੌਰਾ ਕਰਵਾਏ ਜਾਣ ਉੱਤੇ ਸਰਕਾਰ ਵੱਲੋਂ ਸਿੱਕਕਿਡਜ਼ ਤੇ ਇਸ ਦੀ ਲੀਡਰਸ਼ਿਪ ਟੀਮ ਦਾ ਧੰਨਵਾਦ ਕੀਤਾ ਗਿਆ।

# ਪੰਜਾਬ ਸਰਕਾਰ ਨੇ ਕਿਸਾਨਾਂ ਨੂੰ ਪ੍ਰਧਾਨ ਮੰਤਰੀ ਕਿਸਾਨ ਨਿਧੀ ਹੇਠ ਸਵੈ-ਘੋਸ਼ਣਾ ਪੱਤਰ ਦੇਣ ਨੂੰ ਕਿਹਾ

ਚੰਡੀਗੜ੍ਹ, 27 ਜੂਨ (ਪੋਸਟ ਬਿਊਰੋ)- ਪੰਜਾਬ ਵਿਚਲੇ ਜ਼ਮੀਨ ਦੀ ਮਾਲਕੀ ਵਾਲੇ ਕਿਸਾਨਾਂ ਨੂੰ ਸਰਕਾਰ ਸਰਕਾਰ ਨੇ ਇਸ ਰਾਜ ਵਿੱਚ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਸਕੀਮ ਲਾਗੂ ਕਰਨ ਲਈ ਵਧੇ ਹੋਏ ਘੇਰੇ ਵਿੱਚ ਲਿਆਉਣ ਦਾ ਫੈਸਲਾ ਕੀਤਾ ਹੈ, ਜਿਸ ਵਿੱਚ ਜ਼ਮੀਨ ਦੇ ਰਕਬੇ ਦੀ ਕੋਈ ਸ਼ਰਤ ਨਹੀਂ ਰੱਖੀ ਗਈ। ਇਸ ਤੋਂ ਪਹਿਲਾਂ ਪੰਜ ਏਕੜ ਤੱਕ ਜ਼ਮੀਨ ਵਾਲੇ ਕਿਸਾਨ ਹੀ ਇਸ ਸਕੀਮ ਦਾ ਲਾਭ ਲੈਣ ਦੇ ਯੋਗ ਸਨ। ਇਸ ਸੰਬੰਧ ਵਿੱਚ ਪੰਜਾਬ ਦੇ ਖੇਤੀਬਾੜੀ ਸਕੱਤਰ ਕੇ ਐਸ ਪੰਨੂ ਨੇ ਦੱਸਿਆ ਕਿ ਇਸ ਬਾਰੇ ਬਕਾਇਦਾ ਨਿਰਦੇਸ਼ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਭੇਜੇ ਜਾ ਚੁੱਕੇ ਹਨ।

ਜਿਹੜੇ ਕਿਸਾਨ ਇਹ ਫਾਰਮ ਪਹਿਲਾਂ ਨਹੀਂ ਭਰੇ ਸਕੇ ਤੇ ਇਸ ਸਕੀਮ ਦੇ ਘੇਰੇ ਵਿੱਚ ਨਵੇਂ ਆਏ ਹਨ, ਉਨ੍ਹਾਂ ਤੋਂ ਸਵੈ-ਘੋਸ਼ਣਾ ਪੱਤਰ ਮੰਗੇ ਗਏ ਹਨ। ਕੋਆਪਰੇਟਿਵ ਸੁਸਾਇਟੀਆਂ ਤੋਂ ਮਿਲੇ ਤਾਜ਼ਾ ਫਾਰਮ ਕਿਸਾਨਾਂ ਵੱਲੋਂ ਫਾਰਮ ਵਿੱਚ ਦੱਸੀ ਜ਼ਮੀਨ ਦੀ ਮਾਲਕੀ ਦੀ ਸੂਚਨਾ ਦੀ ਤਸਦੀਕ ਲਈ ਪਟਵਾਰੀਆਂ ਨੂੰ ਭੇਜੇ ਜਾਣਗੇ, ਜਿਸ ਤੋਂ ਬਾਅਦ ਪਟਵਾਰੀ 15 ਦਿਨਾਂ ਦੇ ਅੰਦਰ ਸੁਸਾਇਟੀ ਨੂੰ ਫਾਰਮ ਵਾਪਸ ਭੇਜਣਗੇ। ਫਿਰ ਸੁਸਾਇਟੀ ਵੱਲੋਂ ਇਹ ਫਾਰਮ ਕੰਪਿਊਟਰ ਪੋਰਟਲ ਉੱਤੇ ਅਪਡੇਟ ਕੀਤੇ ਜਾਣਗੇ। ਕਿਸਾਨ ਪਰਵਾਰਾਂ ਨੂੰ ਹਰੇਕ ਚਾਰ ਮਹੀਨੇ ਬਾਅਦ ਤਿੰਨ ਕਿਸ਼ਤਾਂ ਵਿੱਚ ਪ੍ਰਤੀ ਸਾਲ 6000 ਰੁਪਏ ਦੀ ਰਾਸ਼ੀ ਦਾ ਸਿੱਧਾ ਲਾਭ ਦਿੱਤਾ ਜਾਵੇਗਾ।



ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

UK TRUCK TRAINING CENTRE
ukttc
PCC #179958
Registered as a Private Careers College
Forklift $79 Recertification
→ Automatic & Manual Trucks
○ 1:1 Training
→ Forklift Training
Reach Truck
Counterbalance
Air Brake Classes Sat-Sun 8am to 4pm



Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
100% Natural Cure & No Side Effect
● ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ
● ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
● ਜਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਹੋਣਾ
● Uric Acid ਤੋਂ ਛੁਟਕਾਰਾ
● ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
● ਕਬਜ ਅਤੇ ਬਵਾਸੀਰ
ਗੱਠੀਆ ਜਿਵੇਂ ਹੱਥਾਂ, ਪੈਰਾਂ ਅਤੇ ਜੋੜਾਂ ਦੀ ਸੋਜ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
ਕਾਲ ਕਰੋ: 647-643-7593

SASH FLEET HOLDING LTD Established since 2007
NOW HIRING!!!
AZ DRIVERS FOR US
▪ 3 or more years' experience
▪ Good pay 6,000 to 7,000/month
▪ Pay Bi-weekly.
▪ No waiting for freight.
▪ Direct customers
▪ Good new Equipment
HIRING!!! Operations Manager
▪ Pay as per the experience plus benefits after 3 month.
▪ Must have (4) or more years' experience working with freight brokers in the freight business or Sound links or network for Canadian & US freight.
Send all resume to recuit@sashts.com

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

SherGill Law Firm
Barrister, Solicitor & Notary Public
Services:
● Real Estate
● Residential, Commercial, Franchise
● Criminal Law
● Family Law
● Affidavit, Power Of Attorney & Notarization
● Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

# ਲੁਧਿਆਣਾ ਜੇਲ੍ਹ ਵਿੱਚ ਦਿਨ ਦੀਵੀਂ ਖ਼ੂਨੀ ਝੜਪ ਪੁਲਸ ਨੇ ਕੰਟਰੋਲ ਕੀਤੀ, ਇੱਕ ਮੌਤ

## * ਮੁੱਖ ਮੰਤਰੀ ਵੱਲੋਂ ਜਾਂਚ ਦੇ ਹੁਕਮ, ਜੇਲ੍ਹਾਂ ਦੀ ਰਾਖੀ ਸੀ ਆਰ ਪੀ ਕਰੇਗੀ






ਲੁਧਿਆਣਾ, 27 ਜੂਨ, (ਪੋਸਟ ਬਿਊਰੋ)- ਅੱਜ ਵੀਰਵਾਰ ਦੁਪਹਿਰ ਨੂੰ ਲੁਧਿਆਣਾ ਜੇਲ੍ਹ ਵਿੱਚ ਓਦੋਂ ਦਹਿਸ਼ਤ ਦਾ ਮਾਹੌਲ ਅਚਾਨਕ ਪੈਦਾ ਹੋ ਗਿਆ, ਜਦੋਂ ਕੈਦੀਆਂ ਦੇ ਦੋ ਗਰੁੱਪਾਂ ਦੀ ਝੜਪ ਹੋ ਗਈ ਤੇ ਇਸ ਦੌਰਾਨ ਤੇਜ਼ਧਾਰ ਚੀਜ਼ਾਂ ਦੀ ਵਰਤੋਂ ਕੀਤੀ ਗਈ, ਜਿਸ ਨਾਲ ਢਾਈ ਦਰਜਨ ਦੇ ਕਰੀਬ ਕੈਦੀ ਜ਼ਖ਼ਮੀ ਹੋ ਗਏਤੇ ਇੱਕ ਦੀ ਮੌਤ ਹੋਈ ਦੱਸੀ ਗਈ ਹੈ। ਇਸ ਦੀ ਸੂਚਨਾ ਮਿਲਦੇ ਸਾਰ ਜੇਲ੍ਹ ਦੀ ਸੁਰੱਖਿਆ ਫੋਰਸਤੇ ਲੁਧਿਆਣਾ ਦੇ ਸਾਰੇ ਥਾਣਿਆਂ ਦੀ ਪੁਲਿਸ ਨੇ ਜੇਲ੍ਹ ਨੂੰ ਘੇਰ ਲਿਆ ਤੇ ਕਈ ਘੰਟੇ ਬਾਅਦ ਹਾਲਾਤ ਕਾਬੂ ਵਿੱਚ ਆ ਸਕੇ।ਝਗੜੇ ਦੌਰਾਨ ਜੇਲ੍ਹ ਵਿੱਚ ਪੁਲਿਸ ਵੱਲੋਂ ਫਾਇਰਿੰਗ ਵੀ ਕੀਤੀ ਜਾਂਦੀ ਰਹੀ ਹੈ। ਇਸ ਦੌਰਾਨ ਜੇਲ੍ਹ ਦੇ ਅੰਦਰੋਂ ਆਏ ਅਤੇ ਵਾਇਰਲ ਹੋਈ ਵੀਡੀਓ ਫੁਟੇਜ ਵਿੱਚਕੁਝ ਕੈਦੀ ਇਹ ਵੀ ਕਹਿ ਰਹੇ ਸਨ ਕਿ ਪੁਲਿਸ ਨੇ ਫਾਇਰਿੰਗ ਦੌਰਾਨ ਦੋ ਵਿਅਕਤੀਆਂ ਨੂੰ ਮਾਰ ਦਿੱਤਾ ਹੈ।

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਲੁਧਿਆਣਾ ਦੀ ਕੇਂਦਰੀ ਜੇਲ ਵਿੱਚਹੋਈ ਹਿੰਸਕਘਟਨਾ ਦੀ ਮੈਜਿਸਟ੍ਰੇਟੀ ਜਾਂਚ ਦੇ ਹੁਕਮਦੇ ਦਿੱਤੇ ਹਨ। ਇਹ ਜਾਂਚ ਡਿਪਟੀ ਕਮਿਸ਼ਨਰਲੁਧਿਆਣਾਕਰਨਗੇ। ਅੱਜ ਇਸ ਘਟਨਾ ਵਿਚ ਇਕ ਕੈਦੀ ਦੇ ਮਾਰੇ ਜਾਣ ਅਤੇ ਪੰਜ ਕੈਦੀਆਂ ਤੇ ਕਰੀਬ ਅੱਧੀ ਦਰਜਨ ਪੁਲਿਸ ਮੁਲਾਜ਼ਮਾਂ ਦੇ ਜ਼ਖ਼ਮੀ ਹੋਣ ਦੀ ਖਬਰ ਹੈ, ਜਿਸ ਦੇ ਬਾਅਦ ਮੁੱਖ ਮੰਤਰੀ ਨੇ ਇਸ ਦੀ ਵਿਸਥਾਰਤ ਜਾਂਚ ਕਰ ਕੇ ਹਿੰਸਾ ਲਈ ਉਕਸਾਉਣ ਵਾਲਿਆਂ ਦੀ ਪਛਾਣ ਕਰਨ ਅਤੇ ਲੋੜੀਂਦੀ ਕਾਰਵਾਈ ਕਰਨਨੂੰ ਕਿਹਾ ਹੈ।

ਵਰਨਣ ਯੋਗ ਹੈ ਕਿ ਇਕ ਕੈਦੀ ਸਨੀ ਸੂਦ ਦੀ ਪਟਿਆਲਾ ਦੇ ਰਾਜਿੰਦਰਾ ਹਸਪਤਾਲ ਵਿਚ ਮੌਤ ਵਾਲੀ ਖ਼ਬਰ ਜੇਲ ਵਿੱਚ ਪਹੁੰਚਣ ਮਗਰੋਂ ਸਵੇਰੇ ਲਗਭਗ 11:30 ਵਜੇ ਹਿੰਸਾ ਸ਼ੁਰੂ ਹੋਈ ਸੀ। ਸਨੀ ਸੂਦ ਨਸ਼ੀਲੇ ਪਦਾਰਥਾਂ ਦੇ ਦੋਸ਼ ਵਿੱਚ ਇੱਕ ਕੇਸ ਦਾ ਵਿਚਾਰ ਅਧੀਨ ਕੈਦੀ ਸੀ। ਮੁੱਢਲੀ ਸੂਚਨਾ ਮੁਤਾਬਕ ਸਨੀ ਸੂਦ ਦੀ ਮੌਤ ਦੀ ਖਬਰ ਨਾਲ ਜੇਲਦੇ ਅੰਦਰ ਦੰਗਾ ਸ਼ੁਰੂ ਹੋਇਆ ਅਤੇ ਤਿੰਨ ਹਜ਼ਾਰ ਤੋਂ ਵੱਧ ਹਵਾਲਾਤੀਆਂ ਨੇ ਬੈਰਕਾਂ ਵਿਚ ਜਾਣ ਤੋਂ ਇਨਕਾਰ ਕਰ ਕੇ ਪੱਥਰ ਮਾਰਨੇ ਸ਼ੁਰੂ ਕਰ ਦਿੱਤੇ। ਇਹ ਕੈਦੀ ਜੇਲ੍ਹ ਅੰਦਰ ਚੱਲਦੇ ਉਸਾਰੀ ਕੰਮ ਲਈ ਬੈਰਕਾਂ ਤੋਂ ਬਾਹਰ ਸਨ। ਦੰਗਾ ਕਰ ਰਹੇ ਕੈਦੀਆਂ ਨੇ ਰਿਕਾਰਡ ਰੂਮ ਦੇ ਨਾਲ ਜੇਲ੍ਹ ਸੁਪਰਡੰਟ ਦੀ ਕਾਰ ਨੂੰ ਅੱਗ ਲਾ ਦਿੱਤੀ ਅਤੇ ਹੋਰ ਨੁਕਸਾਨ ਵੀ ਕੀਤਾ।ਇਹ ਵੀ ਰਿਪੋਰਟਾਂ ਹਨ ਕਿ ਕੈਦੀਆਂ ਨੇ ਗੇਟ ਭੰਨਣ ਦੀ ਕੋਸ਼ਿਸ਼ ਕੀਤੀ ਤਾਂ ਜੇਲ੍ਹ ਪੁਲਿਸ ਨੇ ਹਵਾਈ ਫਾਇਰ ਕਰ ਕੇ ਰੋਕਣ ਦਾ ਯਤਨ ਕੀਤਾ ਅਤੇ ਛੇਤੀ ਹੀ ਲੁਧਿਆਣਾ ਦੇ ਡੀ ਸੀ ਪੀ ਅਸ਼ਵਨੀ ਕੁਮਾਰ ਸਥਿਤੀ ਸੰਭਾਲਣ ਲਈ ਅਥਰੂ ਗੈਸ ਛੱਡਣ ਵਾਲੇ ਵਾਹਨ ਅਤੇ 250-300 ਪੁਲਿਸ ਮੁਲਾਜ਼ਮ ਹੋਰ ਲੈ ਕੇ ਆਣ ਪਹੁੰਚੇਤੇ ਡਿਪਟੀ ਕਮਿਸ਼ਨਰ ਲੁਧਿਆਣਾ ਪ੍ਰਦੀਪ ਅਗਰਵਾਲ ਅਤੇ ਜੇਲ੍ਹਾਂ ਬਾਰੇ ਆਈ ਜੀਲਖਮਿੰਦਰ ਸਿੰਘ ਜਾਖੜ ਵੀ ਪਹੁੰਚ ਗਏ। ਦੁਪਹਿਰ ਡੇਢ ਵਜੇ ਤੋਂ ਬਾਅਦ ਕਰੀਬ ਦੋ ਘੰਟੇ ਦੀ ਮੁਸ਼ੱਕਤ ਨਾਲ ਸਥਿਤੀ ਨੂੰ ਕਾਬੂ ਕਰ ਕੇ ਸਾਰੇ ਕੈਦੀਆਂ ਨੂੰ ਬੈਰਕਾਂ ਵਿੱਚ ਭੇਜ ਦਿਤਾ ਗਿਆ।ਇਸ ਹਿੰਸਾ ਵਿੱਚ ਮਾਰੇ ਗਏ ਕੈਦੀ ਦੀ ਪਛਾਣ ਅਜੀਤ ਬਾਬਾ ਪੁੱਤਰ ਹਰਜਿੰਦਰ ਸਿੰਘ ਦੱਸੀ ਗਈ ਹੈ।

ਤਾਜ਼ਾ ਘਟਨਾ ਦੇ ਬਾਅਦ ਅੱਜ ਹੀ ਪੰਜਾਬ ਦੀਆਂ ਜੇਲਾਂ ਨੂੰ ਹੋਰ ਸੁਰੱਖਿਅਤ ਕਰਨ ਲਈ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਨੇ ਪੰਜਾਬ ਦੇ ਤਿੰਨ ਜ਼ਿਲ੍ਹਿਆਂ ਦੀਆਂ ਕੇਂਦਰੀ ਜੇਲਾਂ ਵਿੱਚ ਸੀ ਆਰ ਪੀ ਐੱਫ ਤਾਇਨਾਤ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਹਨ। ਪਤਾ ਲੱਗਾ ਹੈ ਕਿ ਅੰਮ੍ਰਿਤਸਰ, ਲੁਧਿਆਣਾ, ਬਠਿੰਡਾ ਦੀਆਂ ਜੇਲ੍ਹਾਂ ਵਿੱਚ ਸੀ ਆਰ ਪੀ ਐੱਫ ਦਸਤੇ ਲਾਏ ਜਾਣਗੇ ਤੇ ਪੰਜਾਬ ਸਰਕਾਰ ਨੂੰ ਇਨ੍ਹਾਂ ਦਾ ਸਾਰਾ ਖਰਚ ਦੇਣਾ ਹੋਏਗਾ।

# ਅਮਿਤ ਸ਼ਾਹ ਦਾ ਰੁਖ ਸਖਤ, ਜੰਮੂ-ਕਸ਼ਮੀਰ ਵਿੱਚ ਅਮਨ ਬਹਾਲੀ ਤੱਕ ਕੋਈ ਢਿੱਲ ਨਹੀਂ



ਸ੍ਰੀਨਗਰ, 27 ਜੂਨ, (ਪੋਸਟ ਬਿਊਰੋ)- ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅੱਜ ਸਾਫ਼ ਕਰ ਦਿੱਤਾ ਹੈ ਕਿ ਅੱਤਵਾਦ ਵਿਰੁੱਧ 'ਜ਼ੀਰੋ ਟਾਲਰੈਂਸ' ਦੀ ਨੀਤੀ ਜਾਰੀ ਰਹੇਗੀ। ਉਨ੍ਹਾਂ ਨੇ ਵੱਖਵਾਦੀ ਆਗੂਆਂ ਨਾਲ ਗੱਲਬਾਤ ਦੀਆਂ ਸੰਭਾਵਨਾਵਾਂ ਅਤੇ ਵਿਸ਼ਵਾਸ ਬਹਾਲੀ ਦੇ ਤਾਜ਼ਾ ਕਦਮ ਉਠਾਉਣ ਦੀਆਂ ਸੰਭਾਵਨਾਵਾਂ ਨੂੰ ਵੀ ਰੱਦ ਕਰ ਦਿੱਤਾ ਹੈ।

ਪਾਰਲੀਮੈਂਟ ਚੋਣਾਂ ਵਿੱਚ ਭਾਜਪਾ ਦੀ ਵੱਡੀ ਜਿੱਤ ਅਤੇ ਭਾਰਤ ਦੇ ਗ੍ਰਹਿ ਮੰਤਰੀ ਬਣਨ ਪਿੱਛੋਂ ਪਹਿਲੀ ਵਾਰ ਜੰਮੂ-ਕਸ਼ਮੀਰ ਆਏ ਅਮਿਤ ਸ਼ਾਹ ਨੇ ਅੰਦਰੂਨੀ ਸੁਰੱਖਿਆ ਦੀ ਸਮੀਖਿਆ ਕਰਨ ਵੇਲੇ ਪੂਰੀ ਸਖਤੀ ਨਾਲ ਕਹਿ ਦਿੱਤਾ ਕਿ ਅਜੇ ਸ਼ੁਰੂਆਤ ਹੈ, ਸ਼ਾਂਤੀ ਬਹਾਲ ਹੋਣ ਤਕ ਨਾ ਕੋਈ ਢਿੱਲ ਦਿੱਤੀ ਜਾਵੇਗੀ ਅਤੇ ਨਾ ਮੁਹਿੰਮ ਵਿਚ ਕਮੀ ਆਵੇਗੀ। ਸੁਰੱਖਿਆ ਬਲਾਂ ਨੂੰ ਉਨ੍ਹਾਂ ਨੇ ਅੱਤਵਾਦੀਆਂ ਦੀ ਫੰਡਿੰਗ ਦੇ ਵਿਰੁੱਧ ਸਖ਼ਤੀ ਕਰਨ ਦੇ ਆਦੇਸ਼ ਦਿੱਤੇ ਹਨ।

ਵਰਨਣ ਯੋਗ ਹੈ ਕਿ ਅਮਿਤ ਸ਼ਾਹ ਇਸ ਬੁੱਧਵਾਰ ਦੋ ਦਿਨਾਂ ਦੌਰੇਲਈ ਸ੍ਰੀਨਗਰ ਪੁੱਜੇ ਸਨ। ਉਨ੍ਹਾਂ ਨੇ ਅਮਰਨਾਥ ਯਾਤਰਾ ਦੇ ਸੁਰੱਖਿਆ ਘੇਰੇ ਤੇ ਇਸ ਰਾਜ ਦੀਆਂ ਵਿਕਾਸ ਯੋਜਨਾਵਾਂ ਦੀ ਸਮੀਖਿਆ ਕੀਤੀ ਅਤੇ ਵੀਰਵਾਰ ਨੂੰ ਗਵਰਨਰ ਸਤਿਆਪਾਲ ਮਲਿਕ ਨਾਲ ਮੀਟਿੰਗ ਵਿੱਚ ਸੂਬੇ ਦੇ ਅੰਦਰੂਨੀ ਸੁਰੱਖਿਆ ਹਾਲਾਤ ਅਤੇ ਅੱਤਵਾਦ ਰੋਕੂ ਮੁਹਿੰਮਾਂ ਦੀ ਘੋਖ ਵੀ ਕੀਤੀ। ਇਸ ਮੌਕੇ ਸ਼ਾਹ ਨੇ ਕਿਹਾ ਕਿ ਜਾਨਾਂ ਵਾਰ ਗਏ ਪੁਲਿਸ ਮੁਲਾਜ਼ਮਾਂ ਦੀ ਅਣਦੇਖੀ ਨਹੀਂ ਹੋਣੀ ਚਾਹੀਦੀ। ਲੋਕ ਉਨ੍ਹਾਂ ਦੇ ਬਲੀਦਾਨ ਨੂੰ ਜਾਣਨ ਅਤੇ ਪ੍ਰੇਰਿਤ ਹੋਣ, ਇਸ ਮਕਸਦ ਲਈ ਉਨ੍ਹਾਂ ਦੇ ਸਨਮਾਨ ਵਿੱਚ ਪ੍ਰਮੁੱਖ ਜਨਤਕ ਥਾਵਾਂ ਦਾ ਨਾਂਅ ਉਨ੍ਹਾਂ ਦੇ ਨਾਂ ਉੱਤੇਰੱਖਿਆ ਜਾਵੇ ਅਤੇ ਹਰ ਸਾਲ ਉਨ੍ਹਾਂ ਦੇ ਪਿੰਡ ਤੇ ਸ਼ਹਿਰ ਵਿੱਚ ਸਮਾਗਮ ਕੀਤੇ ਜਾਣ।

ਅੱਜ ਵੀਰਵਾਰ ਨੂੰ ਸ੍ਰੀਨਗਰ ਤੋਂ ਦਿੱਲੀ ਵੱਲ ਵਾਪਸੀਤੋਂ ਪਹਿਲਾਂ ਗ੍ਰਹਿ ਮੰਤਰੀ ਨੇ ਪੰਚਾਂ-ਸਰਪੰਚਾਂ ਅਤੇ ਸਿਆਸੀ ਪਾਰਟੀਆਂ ਦੇ ਪ੍ਰਤੀਨਿਧਾਂ ਤੇ ਅੱਤਵਾਦੀਆਂ ਨਾਲ ਝੜਪ ਵਿੱਚ ਮਾਰੇ ਗਏ ਇੰਸਪੈਕਟਰ ਅਰਸ਼ਦ ਦੇ ਪਰਿਵਾਰ ਨਾਲ ਮਿਲਣ ਦੇ ਇਲਾਵਾ ਅਧਿਕਾਰੀਆਂ ਨਾਲ ਇਕ ਮੀਟਿੰਗ ਕੀਤੀ, ਜਿਸ ਵਿਚ ਕੇਂਦਰੀ ਗ੍ਰਹਿ ਮੰਤਰੀ ਤੇ ਗਵਰਨਰਤੋਂ ਇਲਾਵਾ ਗ੍ਰਹਿ ਮੰਤਰਾਲੇ ਦੇ ਸੀਨੀਅਰ ਅਧਿਕਾਰੀ, ਗਵਰਨਰ ਦੇ ਸਲਾਹਕ-ਾਰ, ਇਸ ਰਾਜ ਦੇ ਚੀਫ ਸੈਕਟਰੀ ਸਕੱਤਰ, ਸੂਬਾ ਪੁਲਿਸ ਦੇ ਮੁਖੀ, ਫ਼ੌਜ ਦੀ ਉੱਤਰੀ ਕਮਾਨ ਦੇ ਚੀਫ, ਫ਼ੌਜ ਦੀ 14ਵੀਂ, 15ਵੀਂ ਅਤੇ 16ਵੀਂ ਕੋਰ ਦੇ ਕਮਾਂਡਰ, ਸੀਆਰਪੀ ਐੱਫ ਦੇਡਾਇਰੈਕਟਰ ਜਨਰਲ, ਬੀ ਐੱਸ ਐੱਫ ਅਤੇ ਕੇਂਦਰੀ ਖ਼ੁਫ਼ੀਆ ਏਜੰਸੀਆਂ ਦੇ ਵੱਡੇ ਅਫਸਰ ਤੇ ਸੂਬਾ ਪੁਲਿਸ ਦੇ ਸੀਨੀਅਰ ਅਧਿਕਾਰੀ ਸ਼ਾਮਲ ਸਨ। ਇਸ ਮੀਟਿੰਗ ਵਿਚ ਫ਼ੌਜ ਅਤੇ ਬੀ ਐੱਸ ਐੱਫ ਦੇ ਅਧਿਕਾਰੀਆਂ ਨੇ ਗ੍ਰਹਿ ਮੰਤਰੀ ਨੂੰ ਘੁਸਪੈਠ ਰੋਕੂ ਪ੍ਰਬੰਧਾਂ ਅਤੇ ਕੌਮਾਂਤਰੀ ਸਰਹੱਦ ਦੀ ਸਥਿਤੀ ਬਾਰੇ ਦੱਸਿਆ।

ਗ੍ਰਹਿ ਮੰਤਰੀ ਨੇ ਸਾਫ਼ ਕਹਿ ਦਿੱਤਾ ਕਿ ਇਹ ਮੰਜ਼ਲ ਨਹੀਂ, ਇਸ ਰਾਜ ਵਿੱਚ ਪੱਕੇ ਅਮਨ ਤੇ ਸੁਰੱਖਿਆ ਦੇ ਮਾਹੌਲ ਦੀ ਵਾਪਸੀ ਤਕ ਕੋਈ ਢਿੱਲ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਅੱਤਵਾਦ ਤੇ ਅੱਤਵਾਦੀਆਂ ਵਿਰੁੱਧ 'ਜ਼ੀਰੋ ਟਾਲਰੈਂਸ' ਦੀ ਨੀਤੀ ਉੱਤੇ ਚੱਲ ਕੇ ਅੱਤਵਾਦੀਆਂ ਦੀ ਫੰਡਿੰਗ ਵਿਰੁੱਧ ਕਾਰਵਾਈ ਜਾਰੀ ਰੱਖੀ ਜਾਵੇ ਤੇ ਅੱਤਵਾਦ ਵਿਰੁੱਧ ਮੁਹਿੰਮ ਵੀ ਕਿਸੇ ਹਾਲਤ ਵਿੱਚ ਬੰਦ ਨਾ ਕੀਤੀ ਜਾਵੇ ਅਤੇ ਪੂਰੀ ਕਸ਼ਮੀਰ ਘਾਟੀ ਵਿਚ ਕਾਨੂੰਨ ਦਾ ਰਾਜ ਸਥਾਪਤ ਕੀਤਾ ਜਾਵੇ।

## ਮਜੀਠਾ ਵਿੱਚ ਆਨਰ ਕਿਲਿੰਗ : ਬੇਟੀ ਅਤੇ ਉਸ ਦਾ ਪ੍ਰੇਮੀ ਬਾਜ਼ਾਰ ਵਿੱਚ ਤੇਜ਼ਧਾਰ ਹਥਿਆਰਾਂ ਨਾਲ ਵੱਢਿਆ

ਅੰਮ੍ਰਿਤਸਰ, 27 ਜੂਨ (ਪੋਸਟ ਬਿਊਰੋ)- ਕਸਬਾ ਮਜੀਠਾ ਵਿਚ ਕੱਲ੍ਹ ਦੁਪਹਿਰ ਆਨਰ ਕਿਲਿੰਗ ਦੀ ਘਟਨਾ ਵਾਪਰ ਗਈ ਹੈ। ਲੜਕੀ ਦੇ ਪਿਤਾ ਨੇ ਰਿਸ਼ਤੇਦਾਰਾਂ ਨਾਲ ਮਿਲ ਕੇ ਪਹਿਲਾਂ ਆਪਣੀ ਧੀ ਨੂੰ ਘਰ ਵਿੱਚ ਤੇਜ਼ਧਾਰ ਹਥਿਆਰਾਂ ਨਾਲ ਵੱਢ ਸੁੱਟਿਆ ਅਤੇ ਫਿਰ ਉਸ ਦੇ ਪ੍ਰੇਮੀ ਨੂੰ ਸ਼ਰੇਆਮ ਬਾਜ਼ਾਰ ਵਿੱਚ ਮਾਰ ਦਿੱਤਾ। ਸਾਰੇ ਦੋਸ਼ੀ ਫਰਾਰ ਹਨ।

ਮਜੀਠਾ ਦੇ ਕੱਥੂਨੰਗਲ ਰੋਡ ਦੇ ਵਸਨੀਕ ਰਾਜਪਾਲ ਸਿੰਘ ਦਾ ਮਜੀਠਾ ਵਾਸ਼ਿੰਗ ਸਟੇਸ਼ਨ ਚੱਲਦਾ ਹੈ। ਉਸ ਦਾ ਬੇਟਾ ਪਵਨ ਸਿੰਘ (18) ਉਥੇ ਕੰਮ ਕਰਦਾ ਸੀ ਅਤੇ ਗੁਆਂਢ ਵਿੱਚ ਰਹਿੰਦੀ 15 ਸਾਲ ਦੀ ਅਨੂ ਪੁੱਤਰੀ ਦਿਲਬਾਗ ਸਿੰਘ ਬਾਗਾ ਨਾਲ ਪ੍ਰੇਮ ਪ੍ਰਸੰਗ ਬਣ ਗਏ ਸਨ। ਇਸ ਦਾ ਪਤਾ ਦਿਲਬਾਗ ਸਿੰਘ ਨੂੰ ਲੱਗਾ ਤਾਂ ਉਸ ਨੇ ਆਪਣੀ ਬੇਟੀ ਨੂੰ ਪਵਨ ਤੋਂ ਦੂਰ ਰਹਿਣ ਲਈ ਕਿਹਾ, ਪਰ ਉਹ ਇੱਕ-ਦੂਸਰੇ ਨੂੰ ਮਿਲਦੇ ਰਹੇ। ਇਸ ਦੇ ਬਾਅਦ ਦਿਲਬਾਗ ਸਿੰਘ ਨੇ ਆਪਣੀ ਬੇਟੀ ਨੂੰ ਸਖਤੀ ਨਾਲ ਰੋਕਿਆ ਤੇ ਪਵਨ ਦੇ ਪਰਵਾਰ ਨੂੰ ਸ਼ਿਕਾਇਤ ਕੀਤੀ। ਐਤਵਾਰ ਅਨੂ ਅਤੇ ਪਵਨ ਦੋਵੇਂ ਘਰੋਂ ਭੱਜ ਗਏ ਅਤੇ ਸੋਮਵਾਰ ਨੂੰ ਮਾਤਾ ਪਿਤਾ ਦੀ ਇੱਜ਼ਤ ਦਾ ਖਿਆਲ ਰੱਖਦੇ ਹੋਏ ਮੁੜ ਆਏ। ਦਿਲਬਾਗ ਨੇ ਇਸ ਦੀ ਰੰਜਿਸ਼ ਵਿੱਚ ਆਪਣੇ ਭਰਾ ਹਰਪਾਲ ਸਿੰਘ ਦੇ ਨਾਲ ਗੱਲ ਕੀਤੀ ਤੇ ਕੱਲ੍ਹ ਦਿਲਬਾਗ ਸਿੰਘ ਨੇ ਆਪਣੇ ਭਰਾ ਹਰਪਾਲ ਸਿੰਘ ਅਤੇ ਕੁਝ ਹੋਰਨਾਂ ਨੂੰ ਨਾਲ ਲੈ ਕੇ ਪਹਿਲਾਂ ਆਪਣੀ ਬੇਟੀ ਅਨੂ ਉਤੇ ਕਿਰਚ ਨਾਲ ਵਾਰ ਕੀਤੇ। ਜਦੋਂ ਉਹ ਘਰੋਂ ਬਾਹਰ ਭੱਜੀ ਤਾਂ ਉਸ ਦੇ ਸਿਰ ਅਤੇ ਸਰੀਰ ਦੇ ਹੋਰ ਹਿੱਸਿਆਂ 'ਤੇ ਵਾਰ ਕਰ ਕੇ ਉਸ ਨੂੰ ਮਾਰ ਦਿੱਤਾ। ਇਸ ਦੇ ਬਾਅਦ ਉਹ ਲੋਕ ਕਾਰ ਵਿੱਚ ਪਵਨ ਸਿੰਘ ਵੱਲ ਗਏ ਤਾਂ ਉਹ ਘਰ ਦੇ ਬਾਹਰ ਮੇਨ ਰੋਡ ਉਤੇ ਖੜ੍ਹਾ ਸੀ। ਸਾਰਿਆਂ ਨੇ ਉਸ ਨੂੰ ਫੜਿਆ ਅਤੇ ਉਸ ਦੀ ਗਰਦਨ ਵੱਢ ਦਿੱਤੀ ਅਤੇ ਕਈ ਦਰਜਨਾਂ ਵਾਰ ਕਰ ਕੇ ਉਸ ਨੂੰ ਵੱਢ ਦਿੱਤਾ। ਪਵਨ ਸਿੰਘ ਦੀ ਭੈਣ ਦਾ ਦੋ ਦਿਨ ਬਾਅਦ ਵਿਆਹ ਹਣੋ ਵਾਲਾ ਸੀ। ਉਸ ਦੇ ਪਿਤਾ ਰਾਜਪਾਲ ਨੇ ਬੇਟੇ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਤੇ ਮਾਂ ਨੇ ਲੋਕਾਂ ਤੋਂ ਮਦਦ ਮੰਗੀ, ਪਰ ਕੋਈ ਵੀ ਅੱਗੇ ਨਹੀਂ ਆਇਆ। ਪਵਨ ਸਿੰਘ ਦੀ ਹੱਤਿਆ ਦੇ ਬਾਅਦ ਦੋਸ਼ੀ ਕਾਰ ਵਿੱਚ ਸਵਾਰ ਹੋ ਕੇ ਫਰਾਰ ਹੋ ਗਏ।

## ਨਕਾਰੇ ਗਏ ਭਾਰਤੀ ਵਿਦਿਆਰਥੀਆਂ ਨੇ ਬ੍ਰਿਟਿਸ਼ ਗ੍ਰਹਿ ਮੰਤਰੀ ਤੋਂ ਇੱਕ ਹੋਰ ਮੌਕਾ ਮੰਗਿਆ


ਲੰਡਨ, 27 ਜੂਨ, (ਪੋਸਟ ਬਿਊਰੋ)- ਵੀਜ਼ਾ ਪ੍ਰਕਿਰਿਆ ਵਿਚ ਅੰਗਰੇਜ਼ੀ ਦੇ ਟੈੱਸਟ ਵਿਚ ਨਕਲ ਕਰਨ ਦੇ ਦੋਸ਼ੀ ਸੈਂਕੜੇ ਵਿਦਿਆਰਥੀਆਂ ਨੇ ਬ੍ਰਿਟਿਸ਼ ਗ੍ਰਹਿ ਮੰਤਰੀ ਸਾਜਿਦ ਜਾਵੇਦ ਨੂੰ ਗੁਹਾਰ ਲਾਈ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਗ਼ਲਤ ਤਰੀਕੇ ਨਾਲ ਕੇਸ ਵਿੱਚ ਫਸਾਇਆ ਗਿਆ ਹੈ, ਜਿਸ ਨਾਲ ਉਨ੍ਹਾਂ ਦਾ ਭਵਿੱਖ ਖ਼ਤਰੇ ਵਿੱਚ ਪੈ ਗਿਆ ਤੇ ਉਨ੍ਹਾਂ ਉੱਤੇ ਨਕਲ ਕਰਨ ਦਾ ਦਾਗ ਵੀ ਲੱਗ ਗਿਆ ਹੈ। ਇਨ੍ਹਾਂ ਵਿਦਿਆਰਥੀਆਂ ਵਿੱਚ ਕਈ ਭਾਰਤੀ ਵੀ ਸ਼ਾਮਲ ਹਨ। ਬ੍ਰਿਟੇਨ ਵਿੱਚ ਵਿਦਿਆਰਥੀਆਂ ਨੂੰ ਪੜ੍ਹਾਈ ਲਈ ਵੀਜ਼ਾ ਦੇਣਤੋਂ ਪਹਿਲਾਂ ਉਨ੍ਹਾਂ ਦਾ ਅੰਗਰੇਜ਼ੀ ਦਾ ਟੈਸਟ ਹੁੰਦਾ ਹੈ, ਜਿਸ ਵਿੱਚ ਵੱਡੀ ਗਿਣਤੀਵਿਦਿਆਰਥੀ ਗ਼ਲਤ ਢੰਗ ਵਰਤਦੇ ਫੜੇ ਗਏ। ਇਨ੍ਹਾਂ ਵਿੱਚਬਹੁਤ ਸਾਰੇ ਭਾਰਤ, ਪਾਕਿਸਤਾਨ ਤੇ ਬੰਗਲਾਦੇਸ਼ ਦੇ ਨੌਜਵਾਨ ਹਨ। ਇਨ੍ਹਾਂ ਵਿਦਿਆਰਥੀਆਂ ਨੇ ਦੋਸ਼ ਲਾਇਆ ਹੈ ਕਿ ਬ੍ਰਿਟਿਸ਼ ਅਧਿਕਾਰੀਆਂ ਨੇ ਉਨ੍ਹਾਂ ਉੱਤੇ ਗ਼ਲਤ ਦੋਸ਼ ਲਾਏ ਹਨ, ਇਸ ਲਈ ਉਨ੍ਹਾਂ ਨੂੰ ਖ਼ੁਦ ਨੂੰ ਸੱਚੇ ਸਾਬਤ ਕਰਨ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿਉਨ੍ਹਾਂ ਨੂੰ ਪੰਜ ਸਾਲ ਬਾਅਦ ਵੀਜ਼ਾ ਲੈਣ ਲਈ ਮੌਕਾ ਮਿਲ ਸਕੇਗਾ। ਵਿਦਿਆਰਥੀਆਂ ਨੇ ਗ੍ਰਹਿ ਮੰਤਰੀ ਤੋਂ ਮੰਗ ਕੀਤੀ ਹੈ ਕਿ ਉਨ੍ਹਾਂ ਨੂੰ ਖ਼ੁਦ ਨੂੰ ਨਿਰਦੋਸ਼ ਸਾਬਤ ਕਰਨ ਦਾ ਘੱਟੋ ਘੱਟ ਇਕ ਮੌਕਾ ਦਿੱਤਾ ਜਾਣਾ ਚਾਹੀਦਾ ਹੈ।

## ਹੈਂਡਟੂਲ ਫੈਕਟਰੀ ਮਾਲਕ ਉਤੇ ਛੱਤ ਡਿੱਗਣ ਨਾਲ ਮੌਤ

ਜਲੰਧਰ, 27 ਜੂਨ (ਪੋਸਟ ਬਿਊਰੋ)- ਨਿਊ ਦਸ਼ਮੇਸ਼ ਨਗਰ ਵਿੱਚ ਐਤਵਾਰ ਨੂੰ ਹੈਂਡਟੂਲ ਫੈਕਟਰੀ ਦੇ ਮਾਲਕ 'ਤੇ ਛੱਤ ਡਿੱਗ ਗਈ। ਕੱਲ੍ਹ ਤਿੰਨ ਦਿਨ ਬਾਅਦ ਹਸਪਤਾਲ ਵਿੱਚ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਥਾਣਾ ਭਾਰਗੋ ਕੈਂਪ ਵਿਚਲੇ ਏ ਐੱਸ ਆਈ ਕਸ਼ਮੀਰ ਸਿੰਘ ਨੇ ਦੱਸਿਆ ਕਿ 56 ਸਾਲਾ ਰਵਿੰਦਰ ਕੁਮਾਰ ਸ਼ਰਮਾ ਐਤਵਾਰ ਸਵੇਰੇ ਆਪਣੀ ਫੈਕਟਰੀ ਵਿੱਚ ਪਾਣੀ ਛਿੜਕਾ ਰਹੇ ਸਨ ਕਿ ਅਚਾਨਕ ਉਨ੍ਹਾਂ ਦੇ ਉਪਰ ਛੱਤ ਡਿੱਗ ਗਈ, ਜਿਸ ਕਾਰਨ ਰਵਿੰਦਰ ਦੇ ਸਿਰ 'ਤੇ ਗੰਭੀਰ ਸੱਟ ਲੱਗੀ ਸੀ। ਰਵਿੰਦਰ ਨੂੰ ਗੰਭੀਰ ਹਾਲਤ ਵਿੱਚ ਕਪੂਰਥਲਾ ਚੌਕ ਵਿੱਚ ਨਿੱਜੀ ਹਸਪਤਾਲ ਵਿੱਚ ਭਰਤੀ ਕਰਾਇਆ ਗਿਆ ਸੀ, ਜਿੱਥੇ ਉਸ ਦੀ ਮੌਤ ਹੋ ਗਈ। ਇੱਕ ਹੋਰ ਹਾਦਸੇ ਵਿੱਚ ਪਟੇਲ ਚੌਕ ਦੇ ਨੇੜੇ ਟਰੱਕ ਤੋਂ ਸਾਮਾਨ ਉਤਾਰਦੇ ਸਮੇਂ ਕੱਲ੍ਹ ਬਜ਼ੁਰਗ ਮਜ਼ਦੂਰ ਚੱਕਰ ਖਾ ਕੇ ਡਿੱਗ ਗਿਆ। ਇਲਾਜ ਦੌਰਾਨ ਉਸ ਦੀ ਹਸਪਤਾਲ ਵਿੱਚ ਮੌਤ ਹੋ ਗਈ। ਉਸ ਦੀ ਪਛਾਣ ਗੋਪਾਲ ਨਗਰ ਦੇ ਸੋਮਨਾਥ (59) ਵਜੋਂ ਹੋਈ ਹੈ। ਉਹ ਪਿਛਲੇ ਕਈ ਮਹੀਨੇ ਤੋਂ ਦਾਣਾ ਮੰਡੀ ਵਿੱਚ ਰਹਿ ਰਿਹਾ ਸੀ। ਏ ਐੱਸ ਆਈ ਪਰਮਜੀਤ ਸਿੰਘ ਨੇ ਦੱਸਿਆ ਕਿ ਮ੍ਰਿਤਕ ਮੂਲ ਰੂਪ ਤੋਂ ਉੜੀਸਾ ਦਾ ਵਸਨੀਕ ਸੀ ਅਤੇ 30 ਸਾਲ ਤੋਂ ਜਲੰਧਰ ਵਿੱਚ ਕੰਮ ਕਰ ਰਿਹਾ ਸੀ।

# ਹਰਿਆਣਾ ਕਾਂਗਰਸ ਦੇ ਬੁਲਾਰੇ ਵਿਕਾਸ ਚੌਧਰੀ ਦਾ ਕਤਲ

## * ਮੁੱਖ ਮੰਤਰੀ ਖੱਟੜ ਨੇ ਕਿਹਾ: 'ਮੈਨੂੰ ਇਸ ਦਾ ਪਤਾ ਹੀ ਨਹੀਂ



ਫਰੀਦਾਬਾਦ, 27 ਜੂਨ, (ਪੋਸਟ ਬਿਊਰੋ)- ਹਰਿਆਣਾ ਦੇ ਫਰੀਦਾਬਾਦ ਵਿਚ ਕਾਂਗਰਸ ਪਾਰਟੀ ਬੁਲਾਰੇ ਵਿਕਾਸ ਚੌਧਰੀ ਨੂੰਦਿਨ-ਦਿਹਾੜੇ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਹੈ, ਪਰ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਇਸ ਬਾਰੇਕਿਸੇ ਤਰ੍ਹਾਂ ਦੀ ਜਾਣਕਾਰੀ ਹੀਨਹੀਂ ਹੈ। ਪੱਤਰਕਾਰਾਂ ਨੇ ਜਦੋਂ ਇਸ ਬਾਰੇ ਮੁੱਖ ਮੰਤਰੀ ਖੱਟੜ ਨੂੰ ਪੁੱਛਿਆ ਤਾਂ ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਦੀ ਅਜੇ ਜਾਣਕਾਰੀ ਨਹੀਂ ਹੈ।

ਵਰਨਣ ਯੋਗ ਹੈ ਕਿ ਫਰੀਦਾਬਾਦ ਦੇ 9 ਸੈਕਟਰ ਦੀ ਮਾਰਕੀਟ ਵਿੱਚਅੱਜ ਵੀਰਵਾਰ ਦਿਨ-ਦਿਹਾੜੇ ਇਹ ਘਟਨਾ ਵਾਪਰੀ ਹੈ। ਵਿਕਾਸ ਚੌਧਰੀ ਉੱਤੇ ਉਸ ਸਮੇਂ ਗੋਲੀ ਚਲਾਈ ਗਈ, ਜਦੋਂ ਉਹ ਇਸ ਮਾਰਕੀਟਵਿੱਚ ਪੀ ਐੱਚ ਸੀ. ਜਿਮ ਦੇ ਅੱਗੇ ਕਾਰ ਪਾਰਕ ਕਰ ਰਹੇ ਸਨ। ਹਮਲਾਵਰ ਸਫੈਦ ਰੰਗ ਦੀ ਗੱਡੀ ਵਿਚ ਆਏ ਸਨ। ਪੁਲਸ ਦੇ ਮੁਤਾਬਕ ਵਿਕਾਸਨੂੰ ਕਰੀਬ 12 ਤੋਂ 15 ਗੋਲੀਆਂ ਮਾਰੀਆਂ ਗਈਆਂ ਅਤੇ ਘਟਨਾ ਵਾਲੀ ਥਾਂਤੋਂ 12 ਗੋਲੀਆਂ ਦੇ ਖੋਲ ਮਿਲੇ ਹਨ। ਸੀ ਸੀ ਟੀ ਵੀ ਫੁਟੇਜ ਵਿਚ ਇਸ ਘਟਨਾ ਦੇ ਹਮਲਾਵਰ ਨਜ਼ਰ ਆ ਰਹੇ ਹਨ।

ਹਰਿਆਣਾ ਪੁਲਸ ਦੇ ਏ ਸੀ ਪੀ ਜੈਬੀਰ ਰਾਠੀ ਨੇ ਦੱਸਿਆ ਕਿ ਇਸ ਘਟਨਾ ਨੂੰ ਦੇਖ ਕੇ ਲੱਗਦਾ ਹੈ ਕਿ ਕਤਲ ਦੀ ਸਾਜਿਸ਼ ਪਹਿਲਾਂ ਰਚੀ ਗਈ ਸੀ ਅਤੇ ਇਸ ਦੇ ਲਈ ਰੇਕੀ ਕੀਤੀ ਗਈ ਹੋਵੇਗੀ, ਕਿਉਂਕਿ ਵਿਕਾਸ ਦੇ ਜਿਮ ਆਉਣ ਬਾਰੇ ਕਾਤਲਾਂ ਨੂੰ ਪਹਿਲਾਂ ਪਤਾ ਸੀ। ਵਿਕਾਸ ਖੁਦ ਕਾਰ ਚਲਾ ਕੇ ਜਿਮ ਪਹੁੰਚੇ ਸਨ ਤੇ ਉਨ੍ਹਾਂਦੇ ਨਾਲ ਕੋਈ ਨਹੀਂ ਸੀ। ਵਾਰਦਾਤ ਦੇ ਦੌਰਾਨ ਵਿਕਾਸ ਦੀ ਗਰਦਨ ਤੇ ਛਾਤੀ ਉੱਤੇਗੋਲੀਆਂਮਾਰੀਆਂ ਜਾਣ ਦੀ ਘਟਨਾ ਸੀ ਸੀ ਟੀ ਵੀ ਕੈਮਰੇ ਵਿੱਚ ਆਈ ਹੈ ਤੇ ਪੁਲਸ ਇਨ੍ਹਾਂ ਕੈਮਰਿਆਂ ਦੀ ਮਦਦ ਨਾਲ ਹਮਲਾਵਰਾਂ ਦੀ ਪਛਾਨ ਕਰਨ ਲਈਰੁੱਝ ਗਈ ਹੈ। ਇਸ ਕੇਸ ਬਾਰੇ ਪੁਲਿਸ ਕਮਿਸ਼ਨਰ ਸੰਜੇ ਕੁਮਾਰ ਨੇ ਹਮਲਾਵਰਾਂ ਦੀ ਗ੍ਰਿਫ਼ਤਾਰੀ ਲਈ ਪੰਜ ਟੀਮਾਂਬਣਾਈਆਂ ਹਨ।


ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਟਵੀਟ ਕਰਕੇ ਆਪਣੀ ਪਾਰਟੀ ਦੇ ਸੂਬਾਈ ਬੁਲਾਰੇ ਦੇ ਕਤਲ ਉੱਤੇ ਹਮਦਰਦੀ ਪ੍ਰਗਟ ਕਰਦਿਆਂ ਇਸ ਰਾਜ ਦੀ ਕਾਨੂੰਨ ਵਿਵਸਥਾ ਦੀ ਹਾਲਤ ਉੱਤੇ ਹਰਿਆਣਾ ਸਰਕਾਰ ਦੀ ਨਿੰਦਾ ਕੀਤੀ ਹੈ।

ਮ੍ਰਿਤਕ ਵਿਕਾਸ ਆਪਣੇ ਛੋਟੇ ਭਰਾ ਗੌਰਵ ਨਾਲ ਕਾਰੋਬਾਰ ਕਰਦੇ ਸਨ ਤੇ ਉਨ੍ਹਾਂ ਨੇ ਫਾਇਨਾਂਸ ਐਂਡ ਲੀਜ਼ੇਜ਼ ਨਾਂ ਦੀ ਕੰਪਨੀ ਬਣਾ ਰੱਖੀ ਸੀ। ਉਨ੍ਹਾਂ ਦੇ ਪਿਤਾ ਆਰ ਸੀ ਚੌਧਰੀ ਦੱਖਣੀ ਹਰਿਆਣਾ ਬਿਜਲੀ ਸਪਲਾਈ ਕਾਰਪੋਰੇਸ਼ਨ ਦੇਐੱਸ ਡੀ ਓ ਰਿਟਾ-ਇਰ ਹੋਏ ਹਨ। ਖੁਦ ਵਿਕਾਸ ਦੇ ਵਿਰੁੱਧ ਵੱਖ-ਵੱਖ ਥਾਣਿਆਂ ਵਿੱਚ 13 ਕੇਸ ਦਰਜ ਸਨ। ਸੈਕਟਰ-7 ਦੇ ਥਾਣੇ ਦੀ ਪੁਲਿਸ ਨੇ ਉਨ੍ਹਾਂ ਨੂੰ ਬੈਡ ਕਰੈਕਟਰ (ਬੀਸੀ) ਸੂਚੀ ਵਿਚ ਪਾ ਰੱਖਿਆ ਸੀ, ਪਰ ਸਿਆਸਤ ਵਿਚ ਆਉਣ ਪਿੱਛੋਂ ਉਨ੍ਹਾਂ ਨੇ ਆਪਣਾ ਅਕਸ ਕਾਫੀ ਸੁਧਾਰ ਲਿਆ ਸੀ। ਉਨ੍ਹਾਂ ਦੀਆਂ 14 ਸਾਲ ਅਤੇ 7 ਸਾਲ ਦੋ ਬੇਟੀਆਂ ਹਨ।







# ਗੁਰਬਚਨ ਸਿੰਘ ਪੰਨੂੰ ਨੇ ਮੈਡਲ ਜਿੱਤੇ



ਹਰ ਸਾਲ ਦੀ ਤਰ੍ਹਾਂ 22/23 ਜੂਨ ਨੂੰ ਓਨਟਾਰੀਓ ਸਰਕਾਰ ਵੱਲੋਂ ਯੂਨੀਵਰਸਿਟੀ ਸਟੇਡੀਅਮ ਟੋਰੰਟੋ ਵਿਖੇ ਕਰਵਾਏ ਗਏ ਓਨਟਾਰੀਓ ਮਾਸਟਰਸ ਐਥਲੈਟਿਕਸ ਚੈਂਪੀਅਨਸ਼ਿਪ ਖੇਡਾਂ ਵਿੱਚ ਸ. ਗੁਰ-ਬਚਨ ਸਿੰਘ ਪੰਨੂੰ ਹੁਰਾਂ ਕਈ ਮੈਡਲ ਜਿੱਤ ਇੱਕ ਵਾਰ ਫਿਰ ਭਾਈਚਾਰੇ ਦਾ ਨਾਂਅ ਰੋਸ਼ਨ ਕੀਤਾ। ਇੱਥੇ ਸੂਬੇ ਦੇ ਸਾਰੇ ਐਥਲੈਟਿਕਸ ਭਾਗ ਲੈਂਦੇ ਹਨ ਜਿਨ੍ਹਾਂ ਵਿੱਚ ਹਿਸਾ ਲੈਂਦਿਆਂ 78 ਸਾਲਾ ਸ. ਗੁਰਬਚਨ ਸਿੰਘ ਪੰਨੂੰ ਨੇ ਵੇਟ ਥਰੋ ਵਿੱਚ ਗੋਲਡ ਮੈਡਲ, 1500 ਮੀਟਰ ਦੌੜ ਵਿੱਚ ਸਿਲਵਰ ਮੈਡਲ ਅਤੇ ਤੀਹਰੀ ਛਾਲ ਵਿੱਚ ਸਿਲਵਰ ਮੈਡਲ ਹਾਸਲ ਕਰਨ ਵਿੱਚ ਕਾਮਯਾਬੀ ਹਾਸਲ ਕੀਤੀ। ਸ. ਪੰਨੂੰ ਆਪਣੇ ਪਿੰਡ ਵਿੱਚ 20 ਸਾਲ ਸਰਪੰਚੀ ਕਰਦਿਆਂ ਖੇਤੀਬਾੜੀ ਅਤੇ ਹੋਰ ਕਾਰੋਬਾਰ ਸੰਭਾਲਦਿਆਂ ਪਿੰਡ ’ਚ ਜਿਮ ਸਥਾਪਤ ਕਰਨ ਦਾ ਵਡਮੁੱਲਾ ਕੰਮ ਨੇਪਰੇ ਚਾੜ੍ਹਿਆ। ਇਹ ਰੋਜ 2 ਘੰਟੇ ਜਿਮ ਕਰਨ ਦੇ ਨਾਲ ਸਮਾਜਸੇਵਾ ਵਿੱਚ ਵੀ ਮੋਹਰੀ ਰਹਿੰਦੇ ਹਨ ਅਤੇ ਸਾਰੇ ਸੀਨੀਅਰ ਭਾਈਚਾਰੇ ਨੂੰ ਅਪੀਲ ਕਰਦੇ ਹਨ ਕਿ ਖੇਡਾਂ ਆਦਿ ਲਈ ਕਿਸੇ ਕਿਸਮ ਦੀ ਵੀ ਮਦਦ ਜਾਂ ਜਾਣਕਾਰੀ ਲਈ ਇਨ੍ਹਾਂ ਨਾਲ 6476252586 ’ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਬਰੇਅਡਨ ਸੀਨੀਅਰ ਕਲੱਬ ਨੇ ਕ੍ਰਿਸਟੀ ਲੇਕ ਦਾ ਟੂਰ ਲਾਇਆ



ਬਰੈਂਪਟਨ: 23 ਜੂਨ ਨੂੰ ਬਰੇਅਡਨ ਸੀਨੀਅਰ ਕਲੱਬ ਦੇ ਮੈਂਬਰ ਟ੍ਰੀਲਾਈਨ ਸਕੂਲ ਤੋਂ ਸਵੇਰੇ 9.30 ਕ੍ਰਿਸਟੀ ਲੇਕ ਦਾ ਟੂਰ ਲਾਉਣ ਲਈ ਰਵਾਨਾ ਹੋ ਕੇ ਸਫਰ ਦਾ ਅਨੰਦ ਮਾਣਦੇ ਹੋਏ ਲਗਭਗ 11 ਵਜੇ ਮੰਜਲ ’ਤੇ ਪਹੁੰਚ ਗਏ। ਹਰੇ ਭਰੇ ਰੁੱਖਾਂ ਦੀ ਛਾਂ ਹੇਠ ਸਭ ਨੇ ਘਰੋਂ ਲਿਆਂਦਾ ਭੋਜਨ ਰਲ ਮਿਲ ਖਾਧਾ। ਸ਼੍ਰੀਮਾਨ ਪੁਸ਼ਪ ਜੈਨ ਪ੍ਰੀਵਾਰ ਵੱਲੋਂ ਲਿਆਂਦੇ ਅੰਬਾਂ ਦਾ ਅਨੰਦ ਮਾਣਦੇ ਹੋਏ ਇਨ੍ਹਾਂ ਦਾ ਧੰਨਵਾਦ ਕੀਤਾ ਗਿਆ। ਗਰਮੀ ਦੇ ਮੌਸਮ ਵਿੱਚ ਹਰੇਭਰੇ ਕੁਦਰਤੀ ਨਜਾਰੇ ਅਤੇ ਝੀਲ ਦੇ ਪਾਣੀਆਂ ਦਾ ਲੁਤਫ ਲੈਂਦੇ ਹੋਏ ਸਮਾਂ ਬਿਤਾਇਆ ਗਿਆ। ਇਸ ਉਪਰੰਤ ਇੱਥੋਂ 10 ਕਿਲੋਮੀਟਰ ਦੂਰ ਇੱਕ ਹੋਰ ਪਾਰਕ ਦੀ ਸੈਰ ਲਈ ਪ੍ਰੋਗ੍ਰਾਮ ਬਣਾ ਕੇ ਬੱਸ ਰਾਹੀਂ ਉੱਧਰ ਦੇ ਚਾਲੇ ਪਾ ਦਿੱਤੇ ਗਏ। ਇਸ ਪਾਰਕ ਦੇ ਪਹਾੜੀ ਉੱਚੇ ਨੀਂਵੇਂ ਰਾਸਤੇ ਵਿਲੱਖਣ ਅਨੁਭਵ ਦੇਣ ਵਾਲੇ ਸਨ। ਤਕਰੀਬਨ 4 ਵਜੇ ਵਾਪਸ ਕ੍ਰਿਸਟੀ ਲੇਕ ਆਇਆ ਗਿਆ। ਸ਼ਾਮ 5 ਕੁ ਵਜੇ ਵਾਪਸੀ ਲਈ ਬੱਸ ਵਿੱਚ ਸਵਾਰ ਹੋਏ। ਰਸਤੇ ਵਿੱਚ ਟਿਮਹੋਰਟਨ ’ਤੇ ਬਸ ਰੋਕ ਲੋੜਵੰਦਾਂ ਨੇ ਚਾਹਪਾਣੀ ਛਕਿਆ। ਇਸ ਮਨੋਰੰਜਕ ਪਿਕਨਿਕ ਦਾ ਅਨੰਦ ਮਾਣਦੇ ਹੋਏ ਕੋਈ 7 ਕੁ ਵਜੇ ਘਰੋਘਰੀਂ ਪਹੁੰਚ ਗਏ। ਇਸ ਸਫਲ ਟੂਰ ਲਈ ਸੈਕਟਰੀ ਗੁਰਦੇਵ ਸਿੰਘ ਸਿੱਧੂ ਹੁਰਾਂ ਕਲੱਬ ਵੱਲੋਂ ਸਭ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਮੈਬਰਾਂ ਨੇ ਪ੍ਰਬੰਧਕ ਟੀਮ ’ਚ ਸ਼ਾਮਲ ਸ. ਤਾਰਾ ਸਿੰਘ ਗਰਚਾ ਅਤੇ ਸ. ਗੁਰਦੇਵ ਸਿੰਘ ਭੱਠਲ ਦੇ ਸਹਿਯੋਗ ਲਈ ਧੰਨਵਾਦ ਕੀਤਾ। ਅਗਲੇ ਮਨੋਰੰਜਕ ਟੂਰ ਦੀ ਆਸ ਨਾਲ ਸਭ ਵਿਦਾ ਹੋਏ।



ਮੇਅਰ ਪੈਟ੍ਰਿਕ ਬ੍ਰਾਊਨ ਵੱਲੋਂ ਚਰਨਜੀਤ ਸਿੰਘ ਢਿੱਲੋਂ ਨੂੰ ਕਾਮਾਗਾਟਾਮਾਰੂ ਜਹਾਜ਼ ਦੇ ਯਾਤਰੀਆਂ ਦੇ ਵੰਸ਼ਾਂ ’ਚੋਂ ਇਕ ਹੋਣ ਲਈ ਸਨਮਾਨਿਤ ਕੀਤਾ ਗਿਆ।

# ਜਸਵੰਤ ਸਿੰਘ ਕੰਵਲ ਨੇ ਮਾਰੀ ਸੈਂਚੁਰੀ, ਢੁੱਡਕੇ ਵਿਖੇ ਹੋ ਰਹੇ ਹਨ ਸ਼ਤਾਬਦੀ ਸਮਾਗਮ

ਢੁੱਡੀਕੇ, 27 ਜੂਨ (ਗਿਆਨ ਸਿੰਘ): ਜਸਵੰਤ ਸਿੰਘ ਕੰਵਲ ਪੰਜਾਬੀ ਦੇ ਸਭ ਤੋਂ ਵੱਧ ਪੜ੍ਹੇ ਜਾਣ ਵਾਲੇ ਤੇ ਅਜੋਕੇ ਸਾਹਿਤਕਾਰਾਂ, ਨਾਵਲਕਾਰਾਂ ਵਿੱਚੋਂ ਸਭ ਤੋਂ ਵਡੇਰੀ ਉਮਰ ਦੇ ਮਹਾਨ ਸਖਸ਼ੀਅਤ ਹਨ। ਜਸਵੰਤ ਸਿੰਘ ਕੰਵਲ ਦਾ 101ਵਾਂ ਜਨਮ ਦਿਨ ਉਹਨਾਂ ਦੇ ਪਿੰਡ ਢੁੱਡੀਕੇ ਵਿਖੇ ਸਾਹਿਤਕਾਰਾਂ ,ਸਾਹਿਤ ਪ੍ਰੇਮੀਆਂ ਤੇ ਸੰਸਥਾਵਾਂ ਵੱਲੋਂ ਮਨਾਇਆ ਜਾ ਰਿਹਾ ਹੈ।



ਜਸਵੰਤ ਸਿੰਘ ਕੰਵਲ ਨੇ ਚੜ੍ਹਦੀ ਜਵਾਨੀ ਵਿੱਚ ਕਵਿਤਾਵਾਂ ਤੋਂ ਮੋੜਾ ਕੱਟ ਕੇ ਨਾਵਲ ਲਿਖਣੇ ਸ਼ੁਰੂ ਕੀਤੇ । ਸਮੇਂ ਸਮੇਂ ਪੰਜਾਬ ਵਿੱਚ ਚੱਲੀਆਂ ਲਹਿਰਾਂ ਵੇਲੇ ਨਾਵਲ,ਲੇਖ ਆਦਿ ਰਚਨਾਵਾਂ ਲਿਖੀਆਂ । ਕੰਵਲ ਦੇ ਬਹੁ ਚਰਚਿੱਤ ਨਾਵਲਾਂ ਵਿੱਚ ਲਹੂ ਦੀ ਲੋਅ, ਪੂਰਨਮਾਸ਼ੀ, ਰਾਤ ਬਾਕੀ ਹੈ, ਐਨਿਆ ਚੋ ਉੱਠੋ ਸੂਰਮਾਂ,ਭਵਾਨੀ , ਮਿੱਤਰ ਪਿਆਰੇ ਨੂੰ,ਚੌਥੀ ਕੂੰਟ ਆਦਿ ਅੱਜ ਵੀ ਬੜੀ ਸ਼ਿੱਦਤ ਨਾਲ ਪੜ੍ਹੇ ਜਾਂਦੇ ਹਨ।

ਕੰਵਲ ਡੁੱਬ ਰਹੇ ਪੰਜਾਬ ਤੋਂ ਬੇਹੱਦ ਚਿੰਤੁਤ ਹਨ। ਉਹਨਾਂ ਆਪਣੇ ਨਾਵਲਾਂ, ਲੇਖ ਸੰਗ੍ਰਿਹਾਂ ਵਿੱਚ ਪੰਜਾਬ ਦੀ ਤ੍ਰਾਸਦੀ ਬਿਆਨ ਕੀਤੀ। ਸਾਹਿਤਕ , ਸੱਭਿਆਚਾਰਕ, ਸਮਾਜਕ ਸਮਾਗਮਾਂ ਵਿੱਚ ਵੀ ਆਪਣੇ ਭਾਸ਼ਨਾਂ ਵਿੱਚ ਪੰਜਾਬ ਦੇ ਨਿਘਾਰ ਦੇ ਰੋਣੇ ਰੋਏ। ਪੰਜਾਬ ਦੀ ਜਵਾਨੀ ਨਸ਼ੇ ਵਿੱਚ ਗ੍ਰਸਤ ਹੋ ਰਹੀ ਹੈ ਅਤੇ ਰਹਿੰਦੀ ਜਵਾਨੀ ,ਸੁਹੱਪਣ ਤੇ ਵਿਵੇਕਤਾ ਵਿਦੇਸ਼ਾਂ ਵੱਲ ਜਾ ਰਹੀ ਹੈ। ਪੰਜਾਬ ਦਾ ਪਾਣੀ ਦੂਸ਼ਿਤ ਹੋ ਰਿਹਾ , ਪਾਣੀ ਦਾ ਪੱਧਰ ਥੱਲੇ ਜਾਣ ਕਾਰਨ ਪੰਜਾਬ ਦੀ ਧਰਤੀ ਬੰਜਰ ਹੋ ਰਹੀ ਹੈ। ਕੰਮ ਖੁੱਸ ਰਹੇ ਹਨ,ਸਿਆਸਤ ਕੋਲ ਪੰਜਾਬੀਆਂ ਲਈ ਸਮਾਂ ਨਹੀਂ ਫ਼ਿਕਰ ਨਹੀਂ। ਪੰਜਾਬ ਲਾਵਾਰਿਸ ਹੈ ਕੋਈ ਵਾਲੀਵਾਰਸ ਨਹੀਂ ਹੈ। ਇਸੇ ਤਰਾਂ ਜਿੱਥੇ ਪੰਜਾਬ ਦਾ ਪਾਣੀ ਦੂਸ਼ਿਤ ਹੋ ਰਿਹਾ ਉਥੇ ਪਾਣੀ ਦਾ ਪੱਧਰ ਥੱਲੇ ਜਾਣ ਕਾਰਨ ਪੰਜਾਬ ਦੀ ਧਰਤੀ ਬੰਜਰ ਹੋਣ ਕਿਨਾਰੇ ਖੜੀ ਹੈ। ਪੰਜਾਬ ਦੇ ਕਾਲੇਦਿਨਾਂ ਦੌਰਾਨ ਤੇ ਸਬੰਧਤ ਜਿੱਤਨਾਮਾ, ਸਿੱਖ ਜੱਦੋ ਜਹਿਦ, ਜੱਦੋ ਜਹਿਦ ਜਾਰੀ ਰਹੇ, ਕੰਵਲ ਕਹਿੰਦਾ ਰਿਹਾ, ਪੰਜਾਬ ਦਾ ਸੱਚ , ਆਪਣਾ ਕੌਮੀ ਘਰ, ਸਾਡੇ ਦੋਸਤ ਸਾਡੇ ਦੁਸ਼ਮਣ, ਹਾਲ ਮੁਰੀਦਾਂ ਦਾ, ਸਚੁ ਕੀ ਬੇਲਾ, ਪੰਜਾਬੀਓ ਜੀਣਾ ਕਿ ਮਰਨਾ ਤੇ ਕੌਮੀ ਲਲਕਾਰ ਲੇਖਾਂ ਰਾਹੀਂ ਪੰਜਾਬੀਆਂ ਨੂੰ ਹਲੂਣਾ ਦੇਣ ਦਾ ਇਤਿਹਾਸਕ ਕੋਸਿਸ਼ ਕੀਤੀ।

ਮੌਕੇ ਦੇ ਹਾਲਾਤਾਂ ਅਨੁਸਾਰ ਲਿਖਣਾਂ ਕੰਵਲ ਦੀ ਜੁਗਤ ਹੈ। ਇਸ ਕਰਕੇ ਅੱਜ ਉਹਨਾਂ ਦੇ ਪਾਠਕ ਤੇ ਚਾਹੁਣ ਵਾਲੇ ਹਜ਼ਾਰਾਂ, ਲੱਖਾਂ ਨੇ । ਡਾਕਟੋਰੇਟ ਦੀ ਡਿਗਰੀ ਨਾਲ ਡਾਕਟਰ ਬਣੇ ਕੰਵਲ ਪਿੰਡ ਦੇ ਸਰਪੰਚ ਵੀ ਰਹੇ ਉਹਨਾਂ ਪਿੰਡ ਵਿੱਚ ਸਾਹਿਤਕ ਸੱਭਿਆਚਰਕ ਸਮਾਗਮ ਤੇ ਖੇਡ ਮੇਲੇ ਵੀ ਕਰਵਾਏ, ਰੈਫ਼ਰੀ ਕਰਦਾ ਕੰਵਲ ਤੇ ਮੁੰਡਿਆਂ ਨਾਲ ਮੁੰਡਾ ਤੇ ਹਾਣੀਆਂ ਨਾਲ ਤਾਸ਼ ਦੀ ਬਾਜ਼ੀ ਲਾਉਂਦਾ ਆਪਣੇ ਪੁੰਨਿਆਂ ਦੇ ਚਾਨਣ ਵਿੱਚ ਬਲਰਾਜ ਸਾਹਨੀ ਵਰਗੇ ਮਿੱਤਰਾਂ ਨਾਲ ਮਹਿਫ਼ਿਲ ਸਜਾਉਂਦਾ ਤੇ ਆਪਣੀਆਂ ਲਿਖਤਾਂ ਵਿੱਚ ਖੁਦ ਬੋਲਦਾ ਕੰਵਲ ਲੋਕ ਮਨਾਂ ਦਾ ਨਾਇਕ ਹੈ।

ਜਸਵੰਤ ਸਿੰਘ ਕੰਵਲ ਨੂੰ ਸਮਰਪਿਤ ਪੰਜ ਦਿਨਾਂ ਸ਼ਤਾਬਦੀ ਸਮਾਗਮਾਂ ਵਿੱਚ ਸਵਰਾਜਵੀਰ,ਬਲਦੇਵ ਸਿੰਘ ਸੜਕਨਾਮਾ ,ਪ੍ਰੋ ਗੁਰਭਜਨ ਗਿੱਲ, ਡਾ ਸੁਰਜੀਤ ,ਦਲੀਪ ਕੌਰ ਟਿਵਾਣਾ,ਪਰਗਟ ਸਤੌਜ, ਐੱਚ ਐਸ ਡਿੰਪਲ, ਚਰਨਜੀਤ ਭੁੱਲਰ ,ਵਰਿਆਮ ਸੰਧੂ,ਹਰਮੀਤ ਵਿਦਿਆਰਥੀ ਤੇ ਜੋਰਾ ਸਿੰਘ ਨਸਰਾਲੀ ਆਦਿ ਵਿਦਵਾਨ ਸਮਾਗਮਾਂ ਦੇ ਵੱਖ ਵੱਖ ਪੜਾਵਾਂ ਵਿੱਚ ਆਪਣੇ ਵਿਚਾਰ ਪੇਸ਼ ਕਰਨਗੇ। ਉਹਨਾਂ ਦੀ ਲੇਖਣੀ ਨਾਵਲ ਬਾਰੇ ਗੱਲ ਬਾਤ ਦੇ ਨਾਲ ਸਬੰਧਤ ਵਿਸ਼ਿਆਂ ਤੇ ਵਿਭਿੰਨ ਰੰਗਾਂ ਦੀ ਸਤਰੰਗੀ ਪਾਈ ਜਾਵੇਗੀ।

2017 ਵਿੱਚ ਸਵੈ-ਜੀਵਨੀ ਦੂਰ ਦਰਾਗਹ ਪੰਜਾਬੀਆਂ ਦੀ ਝੋਲੀ ਪਾਈ। ਕੰਵਲ ਨੇ ਆਪਣੀ ਸਾਰੀ ਜ਼ਿੰਦਗੀ ਪੰਜਾਬੀ ਮਾਂ ਬੋਲੀ , ਪੰਜਾਬ ਤੇ ਪੰਜਾਬੀਅਤ ਦੀ ਸੇਵਾ ਵਿੱਚ ਲਗਾ ਦਿੱਤੀ। ਡਾ ਜਸਵੰਤ ਸਿੰਘ ਕੰਵਲ ਵੱਲੋਂ ਸੈਂਚਰੀ ਪੂਰੀ ਕਰਨ ਤੇ ਉਹਨਾ ਦੇ ਮਨ ਵਿੱਚ ਜਿਉਣ ਤੇ ਪੰਜਾਬ ਨੂੰ ਹਰ ਪੱਖੋਂ ਖੁਸ਼ਹਾਲ ਵੇਖਣ ਦੀ ਆਸ ਹੈ। ਅੱਜ ਕੱਲ੍ਹ ਉਹਨਾਂ ਦੀ ਸਿਹਤ ਸਾਜ਼ਗਰ ਨਹੀਂ ਦੁਆ ਹੈ ਕਿ ਮੁੜ ਤੰਦਰੁਸਤ ਹੋਕੇ 101 ਵੇਂ ਸਾਲ ਵਿੱਚ ਦੁੜੰਗੇ ਮਾਰਨ।

# 10,000 ਰੁਪਏ ਰਿਸ਼ਵਤ ਲੈਂਦਾ ਡਾਕਟਰ ਗ੍ਰਿਫਤਾਰ

ਗੁਰਦਾਸਪੁਰ, 27 ਜੂਨ (ਪੋਸਟ ਬਿਊਰੋ)- ਲੜਾਈ-ਝਗੜੇ ਦੇ ਕੇਸ ਵਿੱਚ 326 ਦਾ ਮੈਡੀਕਲ ਬਣਾਉਣ ਲਈ ਪੀੜਤ ਤੋਂ 10000 ਰੁਪਏ ਰਿਸ਼ਵਤ ਲੈਂਦੇ ਹੋਏ ਸਿਵਲ ਹਸਪਤਾਲ ਗੁਰਦਾਸਪੁਰ ਦੇ ਡਾਕਟਰ ਨੂੰ ਵਿਜੀਲੈਂਸ ਟੀਮ ਨੇ ਰੰਗੇ ਹੱਥੀਂ ਕਾਬੂ ਕੀਤਾ ਹੈ। ਇਸ ਬਾਰੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

ਡੀ ਐਸ ਪੀ ਵਿਜੀਲੈਂਸ ਕੰਵਲਜੀਤ ਕੌਰ ਨੇ ਦੱਸਿਆ ਕਿ 26 ਜੂਨ ਨੂੰ ਪਿੰਡ ਡੇਅਰੀਵਾਲ ਦਰੋਗਾ ਦਾ ਦਲੀਪ ਚੰਦ ਪੁੱਤਰ ਰਾਮ ਉਨ੍ਹਾਂ ਕੋਲ ਆਇਆ ਤੇ ਦੱਸਿਆ ਕਿ ਪੰਜ ਜੂਨ ਨੂੰ ਉਨ੍ਹਾਂ ਦਾ ਆਪਣੇ ਪਿੰਡ ਦੇ ਗੁਰਮੀਤ ਸਿੰਘ ਪੁੱਤਰ ਚੰਨਣ ਸਿੰਘ ਨਾਲ ਪੈਸਿਆਂ ਦੇ ਲੈਣ-ਦੇਣ ਦਾ ਝਗੜਾ ਹੋਇਆ ਸੀ। ਇਸ ਵਿੱਚ ਗੁਰਮੀਤ ਸਿੰਘ ਨੇ ਆਪਣੇ ਸਾਥੀਆਂ ਸਮੇਤ ਉਸ ਨੂੰ ਤੇ ਉਸ ਦੇ ਪਰਵਾਰ ਨੂੰ ਤੇਜ਼ਧਾਰ ਹਥਿਆਰਾਂ ਨਾਲ ਜ਼ਖਮੀ ਕਰ ਦਿੱਤਾ ਸੀ। ਇਹ ਇਲਾਜ ਕਰਾਉਣ ਲਈ ਪੀ ਐੱਚ ਸੀ ਨੌਸ਼ਹਿਰਾ ਮੱਝਾ ਸਿੰਘ ਵਿੱਚ ਗਏ ਤਾਂ ਉਨ੍ਹਾਂ ਨੇ ਉਨ੍ਹਾਂ ਦੀ ਹਾਲਤ ਗੰਭੀਰ ਹੋਣ 'ਤੇ ਸਿਵਲ ਹਸਪਤਾਲ ਗੁਰਦਾ-ਸਪੁਰ ਰੈਫਰ ਕਰ ਦਿੱਤਾ। ਇਸ ਪਿੱਛੋਂ ਹਸਪਤਾਲ ਪ੍ਰਸ਼ਾਸਨ ਵੱਲੋਂ ਉਨ੍ਹਾਂ ਦੇ ਝਗੜੇ ਸੰਬੰਧੀ ਰਿਪੋਰਟ ਥਾਣਾ ਧਾਰੀਵਾਲ ਦੀ ਪੁਲਸ ਨੂੰ ਭੇਜ ਦਿੱਤੀ ਗਈ, ਪ੍ਰੰਤੂ ਉਨ੍ਹਾਂ ਦੇ ਵੱਧ ਸੱਟ ਲੱਗਣ ਕਾਰਨ ਐੱਮ ਐੱਲ ਆਰ ਅਤੇ ਸੱਟਾਂ ਦੇ ਅਸਲ ਰਿਜ਼ਲਟ ਦੀ ਰਿਪੋਰਟ ਅਜੇ ਸਿਵਲ ਹਸਪਤਾਲ ਗੁਰਦਾਸਪੁਰ ਦੇ ਡਾਕਟਰ ਪੁਨੀਤ ਗਿੱਲ ਦੇ ਕੋਲ ਪੈਂਡਿੰਗ ਹੈ। ਉਨ੍ਹਾਂ ਦੱਸਿਆ ਕਿ ਉਕਤ ਰਿਪੋਰਟ ਦੇਣ ਦੇ ਬਦਲੇ ਡਾਕਟਰ ਪੁਨੀਤ ਗਿੱਲ ਨੇ ਉਨ੍ਹਾਂ ਤੋਂ ਵੀਹ ਹਜ਼ਾਰ ਰੁਪਏ ਰਿਸ਼ਵਤ ਦੋ ਕਿਸ਼ਤਾਂ ਵਿੱਚ ਦੇਣ ਨੂੰ ਕਿਹਾ ਹੈ। ਉਨ੍ਹਾਂ ਨੇ ਕਿਹਾ ਕਿ ਪਹਿਲੀ ਕਿਸ਼ਤ ਦੇ ਦਸ ਹਜ਼ਾਰ ਰੁਪਏ ਲੈ ਕੇ 26 ਜੂਨ ਨੂੰ ਉਹ ਗੁਰਦਾਸਪੁਰ ਸਿਵਲ ਹਸਪਤਾਲ ਜਾਏਗਾ, ਪ੍ਰੰਤੂ ਉਹ ਆਪਣਾ ਕੰਮ ਰਿਸ਼ਵਤ ਦੇ ਕੇ ਨਹੀਂ ਕਰਾਉਣਾ ਚਾਹੁੰਦਾ ਸੀ। ਇਸ ਲਈ ਉਸ ਨੇ ਆਪਣੇ ਦੋਹਤੇ ਹਰਪ੍ਰੀਤ ਪੁੱਤਰ ਰਾਮ ਪਾਲ ਨੂੰ ਨਾਲ ਲੈ ਕੇ ਵਿਜੀਲੈਂਸ ਬਿਊਰੋ ਗੁਰਦਾਸਪੁਰ ਨੂੰ ਸ਼ਿਕਾਇਤ ਕੀਤੀ। ਵਿਜੀਲੈਂਸ ਬਿਊਰੋ ਦੀ ਟੀਮ ਨੇ ਸਿਵਲ ਹਸਪਤਾਲ ਗੁਰਦਾਸਪੁਰ ਤੋਂ ਡਾਕਟਰ ਪੁਨੀਤ ਗਿੱਲ ਨੂੰ ਦਸ ਹਜ਼ਾਰ ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫਤਾਰ ਕੀਤਾ ਹੈ। ਦੋਸ਼ੀ ਦੇ ਖਿਲਾਫ ਵਿਜੀਲੈਂਸ ਥਾਣਾ ਅੰਮ੍ਰਿਤਸਰ ਵਿੱਚ ਮਾਮਲਾ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।


# ਮੇਰੀਕੀਨਾ ਫਰੈਂਡਸ਼ਿਪ ਸੀਨੀਅਰਜ਼ ਕਲੱਬ ਬਰੈਂਪਟਨ ਵੱਲੋਂ ਸਲਾਨਾ ਸਮਾਗਮ 27 ਜੁਲਾਈ ਨੂੰ

ਬਰੈਂਪਟਨ, 27 ਜੂਨ (ਪੋਸਟ ਬਿਊਰੋ)- ਮੇਰੀਕੀਨਾ ਫਰੈਂਡਸ਼ਿਪ ਸੀਨੀਅਰਜ਼ ਕਲੱਬ ਬਰੈਂਪਟਨ ਵਲੋਂ ਇਸ ਸਾਲ ਕੈਨੇਡਾ ਡੇ ਸਬੰਧੀ ਸਲਾਨਾ ਸਮਾਗਮ 27 ਜੁਲਾਈ ਦਿਨ ਸ਼ਨੀਵਾਰ ਨੂੰ ਕੀਤਾ ਜਾ ਰਿਹਾ ਹੈ। ਇਸ ਮੌਕੇ ਤਾਸ਼ ਸਵੀਪ, ਲੜਕੇ-ਲੜਕੀਆਂ ਦੇ ਵੱਖ-ਵੱਖ ਉਮਰ ਵਰਗਾਂ ਵਿਚ ਦੌੜਾਂ ਤੇ ਔਰਤਾਂ ਦੇ ਮਿਊਜ਼ੀਕਲ ਚੇਅਰ ਮੁਕਾ-ਬਲੇ ਕਰਵਾਏ ਜਾਣਗੇ। ਜੇਤੂਆਂ ਨੂੰ ਸ਼ਾਨਦਾਰ ਇਨਾਮ ਦਿੱਤੇ ਜਾਣਗੇ। ਤਾਸ਼ ਸਵੀਪ ਮੁਕਾਬਲੇ ਲਈ 10 ਡਾਲਰ ਐਂਟਰੀ ਫੀਸ ਹੋਵੇਗੀ ਤੇ ਐਂਟਰੀਆਂ 12 ਵਜੇ ਤੱਕ ਲਈਆਂ ਜਾਣਗੀਆਂ। ਵਧੇਰੇ ਜਾਣਕਾਰੀ ਲਈ 647-741-6825, 647-473-4680 ਜਾਂ 647-550-6228 ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।

# ਵਿਦੇਸ਼ ਭੇਜਣ ਦੇ ਨਾਂਅ ਉੱਤੇ 12.50 ਲੱਖ ਰੁਪਏ ਦੀ ਠੱਗੀ

ਬਟਾਲਾ, 27 ਜੂਨ (ਪੋਸਟ ਬਿਊਰੋ)- ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ 12.50 ਲੱਖ ਰੁਪਏ ਦੀ ਠੱਗੀ ਮਾਰਨ ਦੇ ਦੋਸ਼ਾਂ ਹੇਠ ਥਾਣਾ ਸਿਵਲ ਲਾਈਨਜ਼ ਪੁਲਸ ਨੇ ਇੱਕ ਔਰਤ ਸਣੇ ਦੋ ਜਣਿਆਂ ਖਿਲਾਫ ਧੋਖਾਧੜੀ ਦਾ ਕੇਸ ਦਰਜ ਕੀਤਾ ਹੈ, ਪਰ ਦੋਸ਼ੀ ਹਾਲੇ ਤੱਕ ਪੁਲਸ ਦੀ ਗ੍ਰਿਫਤ ਤੋਂ ਬਾਹਰ ਹਨ। ਜਾਂਚ ਅਧਿਕਾਰੀ ਡੀ ਐੱਸ ਪੀ ਬਾਲ ਕ੍ਰਿਸ਼ਨ ਸਿੰਗਲਾ ਦੇ ਮੁਤਾ-ਬਕ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਕੁਲਵਿੰਦਰ ਸਿੰਘ ਪੁੱਤਰ ਪਲਵਿੰਦਰ ਸਿੰਘ ਵਾਸੀ ਕਰਨਾਮਾ ਨੇ ਦੱਸਿਆ ਕਿ ਬਲਕਾਰ ਸਿੰਘ ਪੁੱਤਰ ਸੋਹਣ ਸਿੰਘ ਵਾਸੀ ਕਲੇਰ ਕਲਾਂ ਪਾਵਰ ਸਟੇਸ਼ਨ ਪੰਜਗਰਾਈਆਂ ਵਿੱਚ ਨੌਕਰੀ ਕਰਦਾ ਸੀ ਤੇ ਉਨ੍ਹਾਂ ਦੇ ਘਰ ਅਕਸਰ ਆਉਂਦਾ ਜਾਂਦਾ ਸੀ। ਉਨ੍ਹਾਂ ਦੱਸਿਆ ਕਿ ਬਲਕਾਰ ਸਿੰਘ ਨੇ ਦੱਸਿਆ ਕਿ ਉਸ ਦੀ ਨੂੰਹ ਡਿੰਪੀ ਜਯੋਤੀ ਵਾਸੀ ਮਾਰਫਤ ਵਰਲਡਐਜ ਕੰਸਲਟੈਂਟ ਛਿੰਨਮਸਤਿਕਾ ਕੰਪਲੈਕਸ ਜਲੰਧਰ ਵਿਦੇਸ਼ ਭੇਜਣ ਦਾ ਕੰਮ ਕਰਦੀ ਹੈ ਤਾਂ ਉਸ ਨੇ ਉਨ੍ਹਾਂ ਨੂੰ ਆਪਣੀ ਨੂੰਹ ਨਾਲ ਮਿਲਾਇਆ ਤੇ ਉਨ੍ਹਾਂ ਦਾ ਆਸਟਰੇਲੀਆ ਭੇਜਣ ਲਈ ਉਨ੍ਹਾਂ ਦਾ 20 ਲੱਖ ਰੁਪਏ ਵਿੱਚ ਸੌਦਾ ਤੈਅ ਹੋ ਗਿਆ। ਉਨ੍ਹਾਂ ਦੱਸਿਆ ਕਿ ਇਸ ਲਈ ਉਨ੍ਹਾਂ ਨੇ ਉਕਤ ਵਿਅਕਤੀਆਂ ਨੂੰ ਸਾਢੇ 12 ਲੱਖ ਰੁਪਏ ਦੇ ਦਿੱਤੇ, ਪਰ ਕਾਫੀ ਸਮਾਂ ਬੀਤ ਜਾਣ ਦੇ ਬਾਅਦ ਵੀ ਉਨ੍ਹਾਂ ਨੇ ਉਸ ਨੂੰ ਨਾ ਵਿਦੇਸ਼ ਭੇਜਿਆ ਅਤੇ ਨਾ ਉਸ ਦੇ ਪੈਸੇ ਵਾਪਸ ਕੀਤੇ।

KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ






ਕਰਤਾਰ ਫਰਨੀਚਰ
- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6

LOOKING FOR LONG/SHORT HAULS
A/Z DRIVERS FOR USA/LOCAL CANADA/TORONTO-MONTREAL
- Jeya Transport ਵਾਲਿਆਂ ਨੂੰ US/CANADA ਲਈ A/Z ਡਰਾਈਵਰਾਂ ਦੀ ਲੋੜ
- Texas ਅਤੇ Midwest ਦੇ ਡੈਡੀਕੇਟਡ ਰਨ
- 2016-18 ਦੇ Automatic ਅਤੇ Manual Cascadia ਦੇ ਟਰੱਕ
- ਚੰਗੀ ਜੌਬ ਅਤੇ ਵਧੀਆ ਤਨਖਾਹ, ਵਧੀਆ ਮਾਈਲਜ਼ ਪਿਕਅਪ ਅਤੇ ਡਰਾਪ ਇੱਕੋ ਥਾਂ ਤੇ


- Looking For dedicated A/Z Drivers For USA/Local Canada/ Toronto - Montreal
- Every Pick up and Drop off is in the same place
- Good Job, Per Mile 0.55 Cents and Up
- New Trucks And Trailers 2016-2018

ALSO HIRING OWNER OPERATORS




202-2386 Haines Rd., Mississauga ON.
416-832-7131 / 905-564-8851
202-2386 Haines Rd., Mississauga, ON
www.jeyatransport.com
Email: ramesh@jeyatransport.com

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992

Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7



# ਸੰਪਾਦਕੀ

## ਕੁੱਝ ਸੁਆਲ ਕੈਨੇਡਾ ਦੀ ਨਵੀਂ ਐਂਟੀ ਰੇਸਿਜ਼ਮ ਰਣਨੀਤੀ ਬਾਰੇ

ਬੀਤੇ ਦਿਨੀਂ ਫੈਡਰਲ ਸਰਕਾਰ ਵੱਲੋਂ Building a Foundation for Change: Canada's Anti-Racism Strategy 2019–2022 (ਤਬਦੀਲੀ ਦੀ ਬੁਨਿਆਦ ਦੀ ਉਸਾਰੀ: ਕੈਨੇਡਾ ਦੀ ਨਸਲੀ ਜਾਤੀਵਾਦ ਰਣਨੀਤੀ -2019-2022) ਜਾਰੀ ਕੀਤੀ। ਇਸ ਰਣਨੀਤੀ ਦੇ ਸਿੱਟੇ ਵਜੋਂ ਫੈਡਰਲ ਪੱਧਰ ਉੱਤੇ ਇੱਕ ਸਕੱਤਰੇਤ ਦੀ ਸਥਾਪਨਾ ਕੀਤੀ ਜਾਵੇਗੀ ਜਿਸਦਾ ਉਦੇਸ਼ ਸਾਡੀਆਂ ਫੈਡਰਲ ਸੰਸਥਾਵਾਂ, ਪ੍ਰੋਗਰਾਮਾਂ ਅਤੇ ਸੇਵਾਵਾਂ ਵਿੱਚ ਪੱਸਰੇ ਰੇਸਿਜ਼ਮ ਨੂੰ ਜੜੋਂ ਖਤਮ ਕਰਨਾ ਹੋਵੇਗਾ। ਰੇਸਿਜ਼ਮ ਬਾਰੇ ਕੀਤੇ ਜਾਣ ਵਾਲੇ ਯਤਨਾਂ ਨੂੰ ਹੱਲਾਸ਼ੇਰੀ ਦੇਣ ਲਈ ਸਰਕਾਰ ਵੱਲੋਂ 45 ਮਿਲੀਅਨ ਡਾਲਰ ਦੀ ਰੱਖੇ ਗਏ ਹਨ ਜਿਹਨਾਂ ਨਾਲ ਸਕੱਤਰੇਤ ਦਾ ਕੰਮ ਚਲਾਉਣ ਤੋਂ ਇਲਾਵਾ ਕੈਨੇਡਾ ਭਰ ਵਿੱਚ ਜੌਬ ਟਰੇਨਿੰਗ, ਯੂਥ ਮੈਂਟਰਸ਼ਿਪ, ਕਾਨੂੰਨੀ ਸੇਵਾਵਾਂ ਅਤੇ ਨਫ਼ਰਤ ਭਰੀਆਂ ਤਕਰੀਰਾਂ ਤੋਂ ਪਬਲਿਕ ਨੂੰ ਸੁਰੱਖਿਅਤ ਰੱਖਣ ਦੇ ਯਤਨਾਂ ਨੂੰ ਇਮਦਾਦ ਦਿੱਤੀ ਜਾਵੇਗੀ। ਕੈਨੇਡਾ ਦੇ ਕੌਮੀ ਵਿਰਾਸਤ (Heritate) ਮੰਤਰੀ ਪਾਬਲੋ ਰੋਡਰੀਗਜ਼ ਮੁਤਾਬਕ ਕੈਨੇਡਾ ਵਿੱਚ ਨਿੱਤ ਦਿਨ ਰੇਸਿਜ਼ਮ ਹੋ ਰਹੀ ਹੈ ਜਿਸ ਵਿੱਚ ਇਸਲਾਮੋਫੋਬੀਆ, ਯਹੂਦੀਆਂ ਦਾ ਵਿਰੋਧ ਅਤੇ ਕਾਲੇ ਭਾਈਚਾਰੇ ਦਾ ਵਿਰੋਧ ਸ਼ਾਮਲ ਹੈ।

ਇਸ ਰਣਨੀਤੀ ਉੱਤੇ ਪੁੱਜਣ ਤੋਂ ਪਹਿਲਾਂ ਫੈਡਰਲ ਮੰਤਰੀ ਪਾਬਲੋ ਰੋਡਰੀਗਜ਼ ਅਤੇ ਹੋਰਾਂ ਵੱਲੋਂ ਕਈ ਤਰਾਂ ਦੇ ਅਲੱਗ 2 ਸਟੈਂਡ ਲਏ ਜਾਂਦੇ ਰਹੇ ਹਨ। ਮਿਸਾਲ ਵਜੋਂ ਮੰਤਰੀ ਪਾਬਲੋ ਨੇ ਇੱਕ ਸਟੇਜ ਉੱਤੇ ਦਾਅਵਾ ਕੀਤਾ ਸੀ ਕਿ ਕੈਨੇਡਾ ਵਿੱਚ ਕਿਸੇ ਕਿਸਮ ਦਾ ਰੇਸਿਜ਼ਮ ਨਹੀਂ ਹੁੰਦਾ। ਉਹਨਾਂ ਨੇ ਜਨਤਕ ਰੂਪ ਵਿੱਚ ਇਹ ਵੀ ਆਖਿਆ ਸੀ ਕਿ ਕੈਨੇਡਾ ਵਿੱਚ systemic racism (ਜੱਥੇਬੰਦਕ ਜਾਤੀਵਾਦ/ਨਸਲਵਾਦ) ਨਹੀਂ ਹੈ।

ਇਸ ਰਣਨੀਤੀ ਦੇ ਪਰੀਪੇਖ ਵਿੱਚ ਸਾਨੂੰ ਕੈਨੇਡਾ ਵਿੱਚ ਪਾਈ ਜਾਂਦੀ ਰੇਸਿਜ਼ਮ ਦੀ ਪ੍ਰੀਭਾਸ਼ਾ ਨੂੰ ਵਿਚਾਰਨਾ ਸਹੀ ਹੋਵੇਗਾ ਕਿਉਂਕਿ ਬਦਲ ਰਹੇ ਪਰੀਪੇਖਾਂ ਅਤੇ ਗੁੰਝਲਦਾਰ ਜੀਵਨ ਵਰਤਾਰਿਆਂ ਦੇ ਚੱਲਦੇ ਪੱਛਮੀ ਮੁਲਕਾਂ ਵਿੱਚ ਵਰਤੀ ਜਾਂਦੀ ਗੁੰਝਲਦਾਰ ਭਾਸ਼ਾ ਦੇ ਬਰਾਬਰ ਸ਼ਬਦ ਬਹੁਤ ਵਾਰ ਪੰਜਾਬੀ ਵਿੱਚ ਨਹੀਂ ਮਿਲਦੇ। ਪਰ ਰੇਸਿਜ਼ਮ ਇੱਕ ਅਜਿਹਾ ਵਰਤਾਰਾ ਹੈ ਕਿ ਇਸਦੀ ਰੂਪ ਰੇਖਾ ਨੂੰ ਸਮਝਣ ਵਿੱਚ ਮੁੱਖ ਧਾਰਾ ਦੇ ਲੋਕ ਵੀ ਜ਼ਿਆਦਾਤਰ ਭੰਬਲਭੂਸੇ ਵਿੱਚ ਹੀ ਰਹਿੰਦੇ ਹਨ।

International Convention on the Elimination of All Forms of Racial Discrimination ਮੁਤਾਬਕ Racial Discrimination (ਜਾਤੀ/ਨਸਲ ਦੇ ਆਧਾਰ ਉੱਤੇ ਵਿਤਕਰਾ) ਤੋਂ ਭਾਵ ਹੋਵੇਗਾ, 'ਅਜਿਹਾ ਵਿਤਕਰਾ, ਪੱਖਪਾਤ ਅਤੇ ਹੋਰਾਂ ਨੂੰ ਅੱਲਗ ਥਲੱਗ ਕਰਨ ਦਾ ਵਰਤਾਰਾ ਜੋ ਨਸਲ, ਰੰਗ, ਨਸਲੀ ਮੂਲ ਜਾਂ ਕੌਮੀਅਤ ਦੇ ਆਧਾਰ ਉੱਤੇ ਕੀਤਾ ਜਾਂਦਾ ਹੈ। ਉਂਟੇਰੀਓ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਕਾਇਮ ਉਂਟੇਰੀਓ ਮਨੁੱਖੀ ਅਧਿਕਾਰ ਕੋਡ (Ontario Human Rights Code) ਅਨੁਸਾਰ ਜੇ ਕੋਈ ਤੁਹਾਡੀ ਨਸਲ, ਰੰਗ, ਜਨਮ ਦੇ ਸਥਾਨ, ਐਥਨਿਕ ਮੂਲ, ਸਿਟੀਜ਼ਨਸ਼ਿੱਪ ਆਦਿ ਦੇ ਆਧਾਰ ਉੱਤੇ ਨਿਗੂਣਾ ਮਹਿਸੂਸ ਕਰਵਉਂਦਾ ਹੈ, ਵਿਤਕਰਾ ਕਰਦਾ ਹੈ ਜਾਂ ਕਿਸੇ ਕਿਸਮ ਦੀ ਸੇਵਾ (ਸਟੋਰਾਂ ਮਾਲਾਂ, ਹੋਟਲਾਂ, ਸਕੂਲਾਂ ਆਦਿ) ਤੋਂ ਇਨਕਾਰ ਕਰਦਾ ਹੈ ਤਾਂ ਇਹ ਰੇਸਿਜ਼ਮ ਹੈ ਜੋ ਇੱਕ ਅਪਰਾਧ ਹੈ।

ਇਹਨਾਂ ਪ੍ਰੀਭਾਸ਼ਾਵਾਂ ਦੇ ਸੰਦਰਭ ਵਿੱਚ ਰੇਸ਼ਿਜ਼ਮ ਬਾਰੇ ਨਵੀਂ ਰਣਨੀਤੀ ਬਾਰੇ ਸੁਆਲ ਉੱਠਦਾ ਹੈ ਕਿ ਕਿਤੇ ਨਵੀਂ ਰਣਨੀਤੀ ਵਿੱਚ ਪਾਏ ਜਾਂਦੇ ਇਸਲਾਮੋਫੋਬੀਆ ਵਰਗੇ ਸ਼ਬਦਾਂ ਬਾਰੇ ਸਹੀ ਸਮਝ ਨਾ ਹੋਣ ਕਾਰਣ ਇਸ ਰਣਨੀਤੀ ਕਾਰਣ ਕੈਨੇਡਾ ਦਾ ਕਾਨੂੰਨ ਉਹਨਾਂ ਲੋਕਾਂ ਨੂੰ ਅਣਜਾਣੇ ਵਿੱਚ ਹੀ ਤਾਂ ਕਾਨੂੰਨੀ ਸ਼ਿਕੰਜੇ ਵਿੱਚ ਨਹੀਂ ਲੈ ਲਵੇਗਾ ਜਿਹੜੇ ਆਪਣੇ ਇਤਿਹਾਸ ਅਤੇ ਧਰਮ ਨੂੰ ਆਪਣੇ ਪਰੀਪੇਖ ਵਿੱਚ ਸਮਝਦੇ ਅਤੇ ਸਮਝਾਉਂਦੇ ਆਏ ਹਨ। ਇਹ ਗੱਲ ਬਿਨਾ ਕਿਸੇ ਸ਼ੱਕ ਤੋਂ ਕਬੂਲ ਕਰਨ ਵਾਲੀ ਹੈ ਕਿ ਕੈਨੇਡਾ ਵਿੱਚ ਮੁਸਲਮਾਨਾਂ ਬਾਰੇ ਕਾਫੀ ਨਾਂ ਪੱਖੀ ਵਿਤਕਰੇ ਭਰਿਆ ਵਰਤਾਰਾ ਵੇਖਣ ਨੂੰ ਮਿਲਦਾ ਹੈ। ਬਿਲਕੁਲ ਉਵੇਂ ਜਿਵੇਂ ਸਿੱਖਾਂ ਨੂੰ ਬਹੁਤ ਹੱਦ ਤੱਕ ਦਸਤਾਰ ਕਰਕੇ ਨਿੱਤ ਦਿਨ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਹੈ। 9/11 ਤੋਂ ਬਾਅਦ ਜਿੰਨਾ ਖਤਰਾ ਮੁਸਲਮਾਨਾਂ ਨੂੰ ਪੈਦਾ ਹੋਇਆ, ਉੱਨਾ ਹੀ ਸੰਤਾਪ ਦਸਤਾਰਧਾਰੀ ਸਿੱਖਾਂ ਨੇ ਹੰਢਾਇਆ।

ਇਸ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਕੈਨੇਡਾ ਵਿੱਚ ਇਸਲਾਮੋਫੋਬੀਆ ਮੌਜੂਦ ਹੈ ਪਰ ਸਿੱਖਾਂ ਅਤੇ ਹੋਰ ਧਰਮਾਂ ਨੂੰ ਵੀ ਇਸ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਹੈ। ਜੇ ਕੱਲ ਨੂੰ ਸਿੱਖ-ਫੋਬੀਆ ਸ਼ਬਦ ਵੀ ਰਣਨੀਤੀ ਵਿੱਚ ਸ਼ਾਮਲ ਕਰ ਲਿਆ ਜਾਂਦਾ ਹੈ ਤਾਂ ਕੀ ਉਹ ਲੋਕ ਜਿਹਨਾਂ ਨੇ ਕਿਸੇ ਇੱਕ ਜਾਂ ਦੂਜੇ ਸਿੱਖ ਹੱਥੋਂ ਵਿਤਕਰਾ ਹੰਢਾਇਆ ਹੋ ਸਕਦਾ ਹੈ, ਉਹਨਾਂ ਸਿੱਖਾਂ ਨੂੰ ਸਿੱਖ ਸੰਬੋਧਨ ਕਰਕੇ ਰੋਸ ਹੀ ਨਹੀਂ ਕਰ ਸਕੱਣਗੇ? ਸਿੱਖ ਭਾਈਚਾਰੇ ਲਈ ਸੁਆਲ ਹੈ ਕਿ ਉਹ ਆਪਣੇ ਇਤਿਹਾਸ ਵਿੱਚੋਂ ਇਸਲਾਮਿਕ ਰਾਜ ਤਹਿਤ ਹੋਏ ਵਤੀਰੇ ਦੇ ਕੌੜੇ ਸੱਚ ਨੂੰ ਅਗਲੀਆਂ ਪੀੜੀਆਂ ਸਾਹਮਣੇ ਕਿਵੇਂ ਰੱਖਣਗੇ? ਇਸਦਾ ਇਹ ਭਾਵ ਨਹੀਂ ਕਿ ਸਿੱਖ ਮੁਸਲਮਾਨਾਂ ਦੇ ਵਿਰੁੱਧ ਹਨ ਬਲਕਿ ਦਰਬਾਰ ਸਾਹਿਬ ਦੀ ਨੀਂਹ ਹੀ ਮੁਸਲਮਾਨ ਸਾਈਂ ਮੀਆਂ ਮੀਰ ਜੀ ਨੇ ਰੱਖੀ ਹੈ।

ਨਵੀਂ ਰਣਨੀਤੀ ਵੱਲੋਂ ਪੈਦਾ ਕੀਤੀ ਇਸ ਦੁਬਿਧਾ ਬਾਬਤ ਹਾਂ ਪੱਖੀ ਚਰਚਾ ਕੀਤੇ ਜਾਣ ਦੀ ਲੋੜ ਹੈ ਤਾਂ ਜੋ ਕੈਨੇਡਾ ਵਿੱਚ ਸਮੂਹ ਭਾਈਚਾਰਿਆਂ ਦਾ ਅੱਜ ਅਤੇ ਕੱਲ ਸੁਖਾਵਾਂ ਅਤੇ ਸੁਹਿਰਦ ਬਣਿਆ ਰਹਿਣਾ ਯਕੀਨੀ ਹੋਵੇ।

## ਮੈਰੀਜ਼ੁਆਨਾ ਦੇ ਕਾਨੂੰਨੀਕਰਨ ਸਬੰਧੀ ਫੈਸਲਾ ਨਹੀਂ ਬਦਲਣਗੇ ਕੰਜ਼ਰਵੇਟਿਵ : ਸ਼ੀਅਰ

...ਪੰਨਾ 1 ਦਾ ਬਾਕੀ

ਇਸ ਦੌਰਾਨ ਚੀਨ ਨਾਲ ਉਲਝੀ ਗੁੱਥੀ ਬਾਰੇ ਸ਼ੀਅਰ ਨੇ ਆਖਿਆ ਕਿ ਉਹ ਚੀਨ ਨਾਲ ਸਖ਼ਤ ਰੁਖ਼ ਅਖ਼ਤਿਆਰ ਕਰਦੇ। ਉਨ੍ਹਾਂ ਆਖਿਆ ਕਿ ਕਈ ਮਹੀਨੇ ਪਹਿਲਾਂ ਹੀ ਉਨ੍ਹਾਂ ਚੀਨੀ ਸਰਕਾਰ ਨੂੰ ਇਹ ਵਿਖਾ ਦੇਣਾ ਸੀ ਕਿ ਕੌਮਾਂਤਰੀ ਕਾਨੂੰਨਾਂ ਦੀ ਉਲੰਘਣਾਂ ਕਰਨ ਅਤੇ ਦੋ ਕੈਨੇਡੀਅਨ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਨਾਲ ਖਿਲਵਾੜ ਕਰਨ ਦੇ ਸਖ਼ਤ ਨਤੀਜੇ ਨਿਕਲਦੇ ਹਨ। ਉਨ੍ਹਾਂ ਅੱਗੇ ਆਖਿਆ ਕਿ ਸੱਭ ਤੋਂ ਪਹਿਲਾਂ ਤਾਂ ਉਨ੍ਹਾਂ ਏਸ਼ੀਅਨ ਇਨਫਰਾਸਟ੍ਰਕਚਰ ਇਨਵੈਸਟਮੈਂਟ ਬੈਂਕ, ਜੋ ਕਿ ਏਸ਼ੀਆ ਪੈਸੇਫਿਕ ਰੀਜਨ ਵਿੱਚ ਬੁਨਿਆਦੀ ਢਾਂਚੇ ਲਈ ਵਿੱਤੀ ਮਦਦ ਮੁਹੱਈਆ ਕਰਵਾਉਂਦਾ ਹੈ, ਤੋਂ ਕੈਨੇਡੀਅਨ ਫੰਡਿੰਗ ਰੋਕ ਲੈਣੀ ਸੀ। ਸ਼ੀਅਰ ਨੇ ਆਖਿਆ ਕਿ ਇਹ ਬੈਂਕ ਚੀਨ ਵੱਲੋਂ ਨਿਯੰਤਰਿਤ ਕੀਤਾ ਜਾਂਦਾ ਹੈ ਤੇ ਰੀਜਨ ਵਿੱਚ ਚੀਨ ਦਾ ਦਬਦਬਾ ਕਾਇਮ ਕਰਨ ਵਿੱਚ ਮਦਦ ਕਰਦਾ ਹੈ।

ਸ਼ੀਅਰ ਨੇ ਇਹ ਵੀ ਆਖਿਆ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਪਤਾ ਨਹੀਂ ਅਜਿਹਾ ਕਿਉਂ ਨਹੀਂ ਕਰ ਰਹੇ। ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਚੀਨ ਇਹ ਸਮਝ ਚੁੱਕਿਆ ਹੈ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਰਾਜ ਵਿੱਚ ਤੁਸੀਂ ਜੋ ਮਰਜ਼ੀ ਕਰੀ ਜਾਓ ਤੁਹਾਨੂੰ ਕਿਸੇ ਤਰ੍ਹਾਂ ਦੇ ਸਿੱਟੇ ਨਹੀਂ ਭੁਗਤਣੇ ਪੈਣਗੇ।

## ਜੀ-20 ਸਿਖਰ ਵਾਰਤਾ ਦੌਰਾਨ ਚੀਨ ਮੁੱਦੇ ਉੱਤੇ ਆਪਣੇ ਭਾਈਵਾਲਾਂ ਉੱਤੇ ਟੇਕ ਲਾਈ ਬੈਠੇ ਹਨ ਟਰੂਡੋ

...ਪੰਨਾ 1 ਦਾ ਬਾਕੀ

ਪ੍ਰਧਾਨ ਮੰਤਰੀ ਆਫਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇਸ ਮਹੀਨੇ ਦੇ ਸ਼ੁਰੂ ਵਿੱਚ ਡੀ-ਡੇਅ ਦੇ ਜਸ਼ਨਾਂ ਮੌਕੇ ਟਰੂਡੋ ਨੇ ਯੂਕੇ ਦੀ ਪ੍ਰਧਾਨ ਮੰਤਰੀ ਥੈਰੇਸਾ ਮੇਅ ਤੇ ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੋਂਨ ਨਾਲ ਚੀਨ ਵਿੱਚ ਨਜ਼ਰਬੰਦ ਕੀਤੇ ਗਏ ਕੈਨੇਡੀਅਨਾਂ ਦਾ ਮੁੱਦਾ ਵਿਚਾਰਿਆ ਸੀ। ਜ਼ਿਕਰਯੋਗ ਹੈ ਕਿ ਅਮਰੀਕਾ ਦੀ ਗੁਜ਼ਾਰਿਸ਼ ਉੱਤੇ ਦਸੰਬਰ ਵਿੱਚ ਵੈਨਕੂਵਰ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਅਮਰੀਕਾ ਦੇ ਨਿਆਂ ਵਿਭਾਗ ਵੱਲੋਂ ਮੈਂਗ ਉੱਤੇ ਸਾਜ਼ਿਸ਼ ਰਚਨ, ਫਰਾਡ ਕਰਨ ਤੇ ਚੀਨ ਦੀ ਤਕਨਾਲੋਜੀ ਜਾਇੰਟ ਹੁਆਵੇਈ ਸਬੰਧੀ ਫੈਸਲਿਆਂ ਵਿੱਚ ਵਿਘਨ ਪਾਉਣ ਦੇ ਦੋਸ਼ ਵਿੱਚ ਚਾਰਜਿਜ਼ ਲਾਏ ਗਏ ਸਨ। ਮੈਂਗ ਹੁਆਵੇਈ ਦੇ ਬਾਨੀ ਰੈਨ ਜ਼ੈਂਗਫੇਈ ਦੀ ਧੀ ਹੈ। ਪਰ ਮੈਂਗ ਤੇ ਹੁਆਵੇਈ ਵੱਲੋਂ ਕਿਸੇ ਵੀ ਤਰ੍ਹਾਂ ਦੀ ਗੜਬੜ ਕੀਤੇ ਜਾਣ ਤੋਂ ਇਨਕਾਰ ਕੀਤਾ ਗਿਆ ਹੈ। ਮੈਂਗ ਦੀ ਗ੍ਰਿਫਤਾਰੀ ਦੇ ਬਾਅਦ ਤੋਂ ਹੀ ਕੈਨੇਡਾ ਤੇ ਚੀਨ ਦਰਮਿਆਨ ਸਬੰਧ ਨਿੱਘਰਦੇ ਜਾ ਰਹੇ ਹਨ। ਜਵਾਬੀ ਕਾਰਵਾਈ ਵਿੱਚ ਚੀਨ ਵੱਲੋਂ ਦੋ ਕੈਨੇਡੀਅਨਾਂ ਉੱਤੇ ਜਾਸੂਸੀ ਦਾ ਦੋਸ਼ ਲਾ ਕੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇਸ ਤੋਂ ਇਲਾਵਾ ਨਸ਼ਿਆਂ ਨਾਲ ਸਬੰਧਤ ਜੁਰਮ ਕਾਰਨ ਦੋ ਹੋਰ ਕੈਨੇਡੀਅਨਾਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਹੈ।

## ਪਿਓ-ਧੀ ਦੀਆਂ ਲਾਸ਼ਾਂ ਦੀ ਫੋਟੋ ਨਾਲ ਟਰੰਪ ਦੀ ਇਮੀਗ੍ਰੇਸ਼ਨ ਨੀਤੀ ਉੱਤੇ ਨਵੇਂ ਸਿਰਿਓਂ ਬਹਿਸ ਛਿੜੀ

...ਪੰਨਾ 1 ਦਾ ਬਾਕੀ

ਇਸ ਬੁੱਧਵਾਰ ਨੂੰ ਇਹ ਤਸਵੀਰਾਂ ਲੋਕਾਂ ਸਾਹਮਣੇ ਆਉਣ ਪਿੱਛੋਂ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਇਮੀਗ੍ਰੇਸ਼ਨ ਨੀਤੀ ਉੱਤੇ ਦੇਸ਼ ਤੇ ਦੁਨੀਆ ਭਰ ਵਿੱਚ ਬਹਿਸ ਛਿੜ ਗਈ ਹੈ। ਅਮਰੀਕੀ ਪਾਰਲੀਮੈਂਟ ਦੇ ਉੱਪਰਲੇ ਸਦਨ ਸੈਨੇਟ ਵਿੱਚ ਵਿਰੋਧੀ ਧਿਰ ਡੈਮੋਕ੍ਰੇਟਿਕ ਪਾਰਟੀ ਦੇ ਚਕ ਸ਼ੂਮਰ ਨੇ ਕਿਹਾ, 'ਰਾਸ਼ਟਰਪਤੀ ਡੋਨਾਲਡ ਟਰੰਪ, ਮੈਂ ਚਾਹੁੰਦਾ ਹਾਂ ਕਿ ਤੁਸੀਂ ਇਸ ਤਸਵੀਰ ਨੂੰ ਵੇਖੋ। ਉਹ ਕੋਈ ਡਰੱਗ ਸਮੱਗਲਰ ਜਾਂ ਅਪਰਾਧੀ ਨਹੀਂ,ਬਿੱਖੜੇ ਹਾਲਾਤ ਕਾਰਨ ਭੱਜ ਰਹੇ ਸਾਧਾਰਨ ਲੋਕ ਹਨ।' ਟਰੰਪ ਦੀ ਇਮੀਗ੍ਰੇਸ਼ਨ ਨੀਤੀ ਦੇ ਵਿਰੋਧੀ ਕਈ ਹੋਰ ਮੈਂਬਰਾਂ ਨੇ ਕਿਹਾ ਕਿ ਪਿਓ-ਧੀ ਦੀ ਮੌਤ ਦੀ ਇਹ ਫੋਟੋ ਸਾਡੀ ਇਮੀਗ੍ਰੇਸ਼ਨ ਨੀਤੀ ਦੇ ਮੂੰਹ ਉੱਤੇ ਕਰਾਰਾ ਥੱਪੜ ਹੈ।ਇਸ ਦੌਰਾਨਭਾਰਤੀ ਮੂਲ ਦੀ ਪਾਰਲੀਮੈਂਟ ਮੈਂਬਰ ਪ੍ਰਮਿਲਾ ਜੈਪਾਲ ਨੇ ਕਿਹਾ ਕਿ 'ਇਹ ਦੁੱਖਦਾਈ ਤਸਵੀਰ ਹੈ। ਮੈਂ ਸਰਹੱਦ ਉਤੇ ਸ਼ਰਨਾਰਥੀ ਲੋਕਾਂ ਦੀ ਮੰਦ-ਹਾਲ ਸਥਿਤੀ ਵੇਖੀ ਹੈ।' ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰੀ ਦੀ ਦੌੜ ਵਿੱਚ ਸ਼ਾਮਲ ਬਰਨੀ ਸੈਂਡਰਸ ਨੇ ਇਸ ਤਸਵੀਰ ਨੂੰ ਭਿਆਨਕ ਦੱਸ ਕੇ ਕਿਹਾ ਕਿ ਟਰੰਪ ਦੀ ਸਖ਼ਤ ਨੀਤੀ ਨਾਲ ਮੌਤ ਦੀ ਸ਼ੰਕਾ ਵਧੀ ਹੈ। ਉਨ੍ਹਾਂ ਟਵਿੱਟਰ ਉੱਤੇ ਲਿਖਿਆ ਕਿ 'ਟਰੰਪ ਦੀ ਨੀਤੀ ਕਾਰਨ ਅਮਰੀਕਾ ਵਿੱਚ ਸ਼ਰਨ ਲੈਣਾ ਮੁਸ਼ਕਲ ਹੋ ਗਿਆ ਹੈ। ਇਹ ਜ਼ਾਲਮ ਤੇ ਅਣਮਨੁੱਖੀ ਹੈ, ਜੋ ਇਸ ਤਰ੍ਹਾਂ ਦੀਆਂ ਦੁੱਖਦਾਈ ਘਟਨਾਵਾਂ ਦਾ ਕਾਰਨ ਹੋ ਰਿਹਾ ਹੈ।'

ਮੱਧ ਅਮਰੀਕੀ ਦੇਸ਼ਾਂ ਹੌਂਡੂਰਾਸ, ਅਲ ਸਲਵਾਡੋਰ ਅਤੇ ਗਵਾਟੇਮਾਲਾ ਦੇ ਸ਼ਰਨਾਰਥੀ ਹਰ ਸਾਲ ਜ਼ਿੰਦਗੀ ਸੁਧਰਨ ਦੀ ਆਸ ਵਿੱਚਵੱਡੀ ਗਿਣਤੀ ਵਿੱਚਮੈਕਸੀਕੋ ਰਾਹੀਂ ਅਮਰੀਕਾ ਜਾਣ ਦੇ ਲਈ ਯਤਨ ਕਰਦੇ ਹਨ। ਰਾਸ਼ਟਰਪਤੀ ਟਰੰਪ ਨੇ ਇਸ ਬਾਰੇ ਸਖ਼ਤ ਰੁਖ਼ ਧਾਰਨ ਕਰ ਰੱਖਿਆ ਹੈ। ਉਹ ਮੈਕਸੀਕੋ ਸਰਹੱਦ ਉੱਤੇਪੱਕੀ ਦੀਵਾਰ ਬਣਾਉਣ ਦੀ ਮੁਹਿੰਮਵੀ ਚਲਾ ਰਹੇ ਹਨ। ਅਮਰੀਕਾ ਦੇ ਬਾਰਡਰ ਪੈਟਰੋਲ ਅਧਿਕਾਰੀ ਮੈਕਸੀਕੋ ਨਾਲ ਦੀ ਦੱਖਣੀ ਸਰਹੱਦ ਉੱਤੇਇਸ ਸਾਲ ਅੱਜ ਤੱਕ ਕਰੀਬ ਛੇ ਲੱਖ 64 ਹਜ਼ਾਰ ਸ਼ਰਨਾਰਥੀਆਂ ਨੂੰ ਗ੍ਰਿਫਤਾਰ ਕਰ ਚੁੱਕੇ ਹਨ ਅਤੇ ਇਹ ਪਿਛਲੇ ਸਾਲ ਦੇ ਮੁਕਾਬਲੇ 144 ਫ਼ੀਸਦੀ ਵੱਧ ਹੈ। ਬਾਰਡਰ ਪੈਟਰੋਲ ਵਿਭਾਗ ਦੇ ਮੁਤਾ-ਬਕਸਾਲ 2018 ਵਿੱਚ ਸਰਹੱਦ ਉੱਤੇ 283 ਸ਼ਰਨਾਰਥੀਆਂ ਦੀ ਮੌਤ ਹੋਈ ਸੀ, ਪਰ ਮਨੁੱਖੀ ਅਧਿਕਾਰ ਵਰਕਰਾਂ ਦੇ ਮੁਤਾਬਕ ਇਹ ਗਿਣਤੀ ਘੱਟ ਦੱਸੀ ਜਾ ਰਹੀ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Karam Singh Punia<br>Gyan Singh; Angrej Singh |
| **Office Admin** | Priya Sodhi |
| **Marketing Executives** | Priya Sodhi<br>Kamaljeet Kaur |
| **Graphic Designer** | Satnam Singh |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਅਕਾਲੀ ਦਲ ਨੇ ਪੁਲਸ ਅਫਸਰਾਂ ਦੀ ਸਜ਼ਾ ਮਾਫੀ ਦੇ ਮੁੱਦੇ ਤੋਂ ਪੱਲਾ ਝਾੜਿਆ

ਚੰਡੀਗੜ੍ਹ, 27 ਜੂਨ (ਪੋਸਟ ਬਿਊਰੋ)- ਕਤਲ ਕੇਸ ਦੀ ਸਜ਼ਾ ਭੁਗਤ ਰਹੇ ਪੁਲਸ ਮੁਲਾਜ਼ਮਾਂ ਦੀ ਸਜ਼ਾ ਮੁਆਫੀ ਦੇ ਮੁੱਦੇ 'ਤੇ ਅਕਾਲੀ ਦਲ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਦੋਸ਼ੀ ਦੱਸਣ ਦੀ ਕੋਸ਼ਿਸ਼ ਕੀਤੀ ਹੈ।

ਕੱਲ੍ਹ ਇਸ ਬਾਰੇ ਅਕਾਲੀ ਦਲ ਦੀ ਕੋਰ ਕਮੇਟੀ ਮੀਟਿੰਗ ਪਿੱਛੋਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦਾਅਵਾ ਕੀਤਾ ਕਿ ਪੁਲਸ ਮੁਲਾਜ਼ਮਾਂ ਨੂੰ ਮੁਆਫੀ ਦੇਣ ਦੀ ਅਰਜ਼ੀ ਜਾਂ ਫਾਈਲ ਅਕਾਲੀ-ਭਾਜਪਾ ਸਰਕਾਰ ਦੇ ਸਮੇਂ ਓਦੋਂ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਜਾਂ ਉਪ ਮੁੱਖ ਮੰਤਰੀ (ਸੁਖਬੀਰ ਸਿੰਘ ਬਾਦਲ) ਤੱਕ ਨਹੀਂ ਪਹੁੰਚੀ ਸੀ। ਸਰਕਾਰੀ ਫਾਈਲ ਦੇ ਦਸਤਾਵੇਜ਼ ਮੀਡੀਆ ਨੂੰ ਵਿਖਾ ਕੇ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਪੁਲਸ ਵਾਲਿਆਂ ਨੂੰ ਮੁਆਫੀ ਦੀ ਮਾਮਲੇ ਵਿੱਚ ਕੈਪਟਨ ਅਮਰਿੰਦਰ ਸਿੰਘ ਨੇ ਨਿੱਜੀ ਦਿਲਚਸਪੀ ਲਈ ਸੀ, ਜਿਸ ਦੇ ਸਬੂਤ ਫਾਈਲ ਵਿੱਚ ਹਨ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦਾ ਵਫਦ ਇਸ ਬਾਰੇ ਗਵਰਨਰ ਵੀ ਪੀ ਸਿੰਘ ਬਦਨੌਰ ਨੂੰ ਮਿਲ ਕੇ ਸਜ਼ਾ ਮੁਆਫੀ ਦਾ ਫੈਸਲਾ ਵਾਪਸ ਲੈਣ ਦੀ ਮੰਗ ਕਰੇਗਾ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਜੇ ਗਵਰਨਰ ਨੇ ਆਪਣਾ ਫੈਸਲਾ ਵਾਪਸ ਨਾ ਲਿਆ ਤਾਂ ਪਾਰਟੀ ਵੱਲੋਂ ਇਸ ਨੂੰ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਜਾਵੇਗੀ। ਅਕਾਲੀ ਸਰਕਾਰ ਸਮੇਂ ਸ਼ੁਰੂ ਹੋਈ ਮੁਆਫੀ ਦੇਣ ਬਾਰੇ ਚਰਚਾ ਨੂੰ ਰੱਦ ਕਰਦਿਆਂ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਦੇ ਸਮੇਂ ਦੋਸ਼ੀਆਂ ਦੇ ਪਰਵਾਰਾਂ ਨੇ ਗਵਰਨਰ ਨੂੰ ਅਰਜ਼ੀ ਦਿੱਤੀ ਸੀ ਤੇ ਇਹ ਅਰਜ਼ੀ ਸਕੱਤਰ ਪੱਧਰ ਤੱਕ ਸੀ। ਉਨ੍ਹਾਂ ਕਿਹਾ ਕਿ ਅਕਾਲੀ ਸਰਕਾਰ ਅਜਿਹੇ ਦੋਸ਼ੀਆਂ ਦੀ ਸਜ਼ਾ ਮੁਆਫੀ ਦੇ ਪੱਖ ਵਿੱਚ ਨਹੀਂ ਸੀ। ਉਨ੍ਹਾਂ ਕਿਹਾ ਕਿ ਦੋ ਨਵੰਬਰ 2016 ਨੂੰ ਕਤਲ ਦੀ ਸਜ਼ਾ ਭੁਗਤ ਰਹੇ ਦੋਸ਼ੀਆਂ ਨੇ ਸਜ਼ਾ ਮੁਆਫੀ ਲਈ ਗਵਰਨਰ ਨੂੰ ਅਰਜ਼ੀ ਦਿੱਤੀ ਸੀ ਅਤੇ ਅਕਾਲੀ-ਭਾਜਪਾ ਸਰਕਾਰ ਨੇ ਕੋਈ ਫੈਸਲਾ ਨਹੀਂ ਸੀ ਲਿਆ। ਉਨ੍ਹਾਂ ਦਾਅਵਾ ਕੀਤਾ ਕਿ ਕੇਂਦਰ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਸੀ ਬੀ ਆਈ ਅਦਾਲਤਾਂ ਵੱਲੋਂ ਦੋਸ਼ੀ ਠਹਿਰਾਏ ਲੋਕਾਂ ਨੂੰ ਸਜ਼ਾ ਮੁਆਫੀ ਦਾ ਫੈਸਲਾ ਕੇਂਦਰ ਸਰਕਾਰ ਦੇ ਪੱਧਰ 'ਤੇ ਹੀ ਹੁੰਦਾ ਹੈ, ਪਰ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਆਪਣੇ ਪੱਧਰ 'ਤੇ ਇਹੋ ਜਿਹਾ ਫੈਸਲਾ ਲਿਆ ਹੈ। ਉਨ੍ਹਾਂ ਮੁਤਾਬਕ ਸਰਕਾਰੀ ਫਾਈਲ ਵਿੱਚ ਪੰਜਾਬ ਦੇ ਐਡਵੋਕੇਟ ਜਨਰਲ ਦੀ ਟਿੱਪਣੀ ਮੌਜੂਦ ਹੈ, ਜਿਸ ਨਾਲ ਸਰਕਾਰ ਦੀ ਮਨਸ਼ਾ ਦਾ ਪਤਾ ਲੱਗਦਾ ਹੈ। ਉਨ੍ਹਾਂ ਕਿਹਾ ਕਿ ਪੀੜਤ ਪਰਵਾਰ ਨੇ ਇਨਸਾਫ ਲੈਣ ਲਈ 21 ਸਾਲ ਲੜਾਈ ਲੜੀ ਤੇ ਕਾਂਗਰਸ ਸਰਕਾਰ ਨੇ ਦੋਸ਼ੀਆਂ ਨੂੰ ਦੋ ਸਾਲਾਂ ਬਾਅਦ ਸਜ਼ਾ ਮੁਆਫੀ ਦੇਣ ਦਾ ਫੈਸਲਾ ਕਰ ਲਿਆ।

## ਲੁਧਿਆਣਾ ਜੇਲ੍ਹ ਵਿੱਚ ਗੋਲੀ ਚੱਲਣ ਪਿੱਛੋਂ ਕਈ ਸਵਾਲ ਉੱਠੇ

ਲੁਧਿਆਣਾ, 27 ਜੂਨ (ਪੋਸਟ ਬਿਊਰੋ)- ਕੇਂਦਰੀ ਜੇਲ੍ਹ ਵਿੱਚ ਮੁਲਾਜ਼ਮਾਂ ਦੀ ਕਮੀ ਸੁਰੱਖਿਆ ਪ੍ਰਬੰਧਾਂ ਉੱਤੇ ਭਾਰੀ ਪਈ ਹੈ। ਇੱਥੇ ਅੱਜ ਵੀਰਵਾਰ ਨੂੰ ਕੈਦੀਆਂ ਤੇ ਪੁਲਿਸ ਵਿਚਾਲੇ ਮੁਕਾਬਲੇ ਦਾ ਕਾਰਨ ਵੀ ਮੁਲਾਜ਼ਮਾਂ ਦੀ ਕਮੀ ਦੱਸੀ ਗਈ ਹੈ। ਜੇਲ੍ਹ ਵਿੱਚ ਕਰੀਬ ਤਿੰਨ ਹਜ਼ਾਰ ਕੈਦੀ ਹਨ, ਜਿਨ੍ਹਾਂ ਉੱਤੇ ਨਜ਼ਰ ਰੱਖਣ ਲਈ ਸਿਰਫ 271 ਮੁਲਾਜ਼ਮ ਹਨ। ਇਕ ਮੁਲਾਜ਼ਮ ਨੂੰ ਕਰੀਬ 11 ਕੈਦੀਆਂ ਉੱਤੇ ਨਜ਼ਰ ਰੱਖਣੀ ਪੈਂਦੀ ਹੈ। ਜੇ ਕੁਝ ਮੁਲਾਜ਼ਮ ਛੁੱਟੀ ਉੱਤੇ ਜਾਣ ਤਾਂ ਬਾਕੀ ਮੁਲਾਜ਼ਮਾਂ ਉੱਤੇ ਬੋਝ ਹੋਰ ਵੀ ਜ਼ਿਆਦਾ ਹੋ ਜਾਂਦਾ ਹੈ। ਘੱਟ ਗਾਰਡ ਦੇ ਕਾਰਨ ਜੇਲ੍ਹ ਵਿੱਚ ਕੁੱਟਮਾਰ ਹੁੰਦੀ ਰਹਿੰਦੀ ਹੈ।

ਸਾਲ 2018 ਵਿੱਚ ਪੁਲਿਸ ਨੇ ਜੇਲ੍ਹ ਵਿੱਚ ਕੁੱਟਮਾਰ ਦੇ 20 ਕੇਸ ਦਰਜ ਕੀਤੇ ਸਨ। ਰੁਕਣ ਦੇ ਥਾਂ ਅਜਿਹੇ ਕੇਸ ਵਧਣ ਦੇ ਨਾਲ ਹੋਰ ਹਿੰਸਕ ਰੂਪ ਲੈ ਰਹੇ ਹਨ। ਜੇਲ੍ਹ ਸੂਤਰਾਂ ਮੁਤਾਬਿਕ ਪਿਛਲੇ 27 ਸਾਲਾ ਤੋਂ ਜੇਲ੍ਹ ਮੁਲਾਜ਼ਮਾਂ ਦੀ ਭਰਤੀ ਨਹੀਂ ਹੋਈ ਅਤੇ 1992 ਤੋਂ ਬਾਅਦ ਕੋਈ ਨਵਾਂ ਮੁਲਾਜ਼ਮ ਨਹੀਂ ਰੱਖਿਆ। ਪਹਿਲਾਂ ਇਕ ਬੈਰਕ ਅੱਗੇ ਚਾਰ ਜਣੇ ਹੋਇਆ ਕਰਦੇ ਸਨ, ਅੱਜ ਕੱਲ੍ਹ ਚਾਰ ਬੈਰਕਾਂ ਦੀ ਸੁਰੱਖਿਆ ਇਕ ਮੁਲਾਜ਼ਮ ਦੇ ਜ਼ਿਮੇ ਹੈ। ਕੰਮ ਦੇ ਬੋਝ ਦੇ ਮਾਰੇ ਮੁਲਾਜ਼ਮ ਕੈਦੀਆਂ ਉੱਤੇ ਸਖ਼ਤ ਨਜ਼ਰ ਨਹੀਂ ਰੱਖ ਸਕਦੇ। ਕਈ ਕੇਸਾਂ ਵਿੱਚ ਕੈਦੀਆਂ ਤੇ ਮੁਲਾਜ਼ਮਾਂ ਦੀ ਮਿਲੀਭੁਗਤ ਹੋ ਜਾਂਦੀ ਹੈ।

## ਪੰਜਾਬ ਦੇ ਵੱਡੇ ਸ਼ਹਿਰਾਂ ਦੇ ਰਿੰਗ ਰੋਡ ਲਈ ਕੈਪਟਨ ਵੱਲੋਂ ਕੇਂਦਰੀ ਮੰਤਰੀ ਨਾਲ ਮੁਲਾਕਾਤ

ਚੰਡੀਗੜ੍ਹ, 27 ਜੂਨ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਕੇਂਦਰੀ ਆਵਾਜਾਈ ਮੰਤਰੀ ਨਿਤਿਨ ਗਡਕਰੀ ਤੋਂ ਇਸ ਰਾਜ ਦੇ ਵੱਡੇ ਸ਼ਹਿਰਾਂ ਦੁਆਲੇ ਰਿੰਗ ਰੋਡ ਬਣਾਉਣ ਦੀ ਛੇਤੀ ਪ੍ਰਵਾਨਗੀ ਅਤੇ ਮੋਹਾਲੀ ਹਾਈਟੈੱਕ ਮੈਟਲ ਕਲੱਸਟਰ ਲਈ ਕੇਂਦਰ ਦੀ 3.72 ਕਰੋੜ ਰੁਪਏ ਦੀ ਤੀਜੀ ਕਿਸ਼ਤ ਜਾਰੀ ਕਰਨ ਅਤੇ ਹੁਸ਼ਿਆਰਪੁਰ ਵਿਖੇ ਲੱਕੜ ਦੀ ਮੀਨਾਕਾਰੀ ਕਲੱਸਟਰ ਲਈ 'ਸਫੁਰਤੀ' ਸਕੀਮ ਉੱਤੇ ਅਮਲ ਦੀ ਮੰਗ ਕੀਤੀ ਹੈ। ਅੱਜ ਵੀਰਵਾਰ ਦੁਪਹਿਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਨਿਤਿਨ ਗਡਕਰੀ ਨਾਲ ਬੈਠਕ ਕਰ ਕੇ ਉਨ੍ਹਾਂ ਦੇ ਮੰਤਰਾਲੇ ਅਧੀਨ ਪੰਜਾਬ ਦੇ ਬਾਕੀ ਪ੍ਰਾਜੈਕਟਾਂ ਲਈ ਪ੍ਰਵਾਨਗੀ ਵਾਸਤੇ ਦਖ਼ਲ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਸੂਬੇ ਵਿਚ ਐਮ ਐਸ ਐਮ ਈ ਦੀ ਪੁਨਰ ਸੁਰਜੀਤੀ ਲਈ ਕੇਂਦਰੀ ਮੰਤਰੀ ਨੂੰ ਪੰਜਾਬ ਆਉਣ ਦਾ ਸੱਦਾ ਦਿੱਤਾ। ਗਡਕਰੀ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੇ ਮੰਤਰਾਲੇ ਵੱਲੋਂ ਪੰਜਾਬ ਦੇ ਬਾਕੀ ਕੇਸਾਂ ਉੱਤੇ ਵਿਚਾਰ ਕਰ ਕੇ ਇਸ ਦਾ ਛੇਤੀ ਹੱਲ ਕੱਢਿਆ ਜਾਵੇਗਾ। ਸਰਕਾਰੀ ਬੁਲਾਰੇ ਮੁਤਾਬਕ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰੀ ਮੰਤਰੀ ਨੂੰ ਦੱਸਿਆ ਕਿ ਮੋਹਾਲੀ-ਚੰਡੀਗੜ੍ਹ, ਲੁਧਿਆਣਾ, ਜਲੰਧਰ, ਪਟਿਆਲਾ, ਸੰਗਰੂਰ ਤੇ ਬਠਿੰਡਾ ਦੁਆਲੇ ਰਿੰਗ ਰੋਡ ਦੀ ਉਸਾਰੀ ਕਰਨ ਲਈ ਐਕਵਾਇਰ ਕੀਤੀ ਜਾਣ ਵਾਲੀ ਜ਼ਮੀਨ ਦੀ 50 ਫ਼ੀਸਦੀ ਕੀਮਤ ਰਾਜ ਸਰਕਾਰ ਵੱਲੋਂ ਦੇਣ ਲਈ ਸਹਿਮਤੀ ਦਿੱਤੀ ਜਾ ਚੁੱਕੀ ਹੈ। ਇਹ ਰਿੰਗ ਰੋਡ ਕੇਂਦਰੀ ਸੜਕੀ ਆਵਾਜਾਈ ਮੰਤਰਾਲੇ ਦੇ 'ਭਾਰਤਮਾਲਾ' ਵਾਲੇ ਪੈਮਾਨੇ ਉੱਤੇ ਬਣਾਏ ਜਾਣੇ ਹਨ। ਕੇਂਦਰ ਇਸ ਨਵੇਂ ਪ੍ਰਾਜੈਕਟ ਨੂੰ ਸਿਰਫ਼ ਤਦੇ ਵਿਚਾਰੇਗਾ, ਜੇ ਸੂਬਾ ਸਰਕਾਰ ਜ਼ਮੀਨ ਐਕਵਾਇਰ ਕਰਨ ਲਈ 50 ਫ਼ੀਸਦੀ ਕੀਮਤ ਸਹਿਣ ਕਰਨ ਨੂੰ ਤਿਆਰ ਹੋਵੇ। ਮੁੱਖ ਮੰਤਰੀ ਨੇ ਦੱਸਿਆ ਕਿ ਕੇਂਦਰੀ ਮੰਤਰਾਲੇ ਨੇ ਬਠਿੰਡਾ ਦੁਆਲੇ ਰਿੰਗ ਰੋਡ ਬਣਾਉਣ ਦੀ ਪ੍ਰਵਾਨਗੀ ਪਹਿਲਾਂ ਹੀ ਦੇ ਦਿੱਤੀ ਗਈ ਹੈ।

ਇਸ ਮੌਕੇ ਮੁੱਖ ਮੰਤਰੀ ਨੇ ਕੇਂਦਰੀ ਮੰਤਰੀ ਤੋਂ ਰਿੰਗ ਰੋਡਜ਼ ਦੇ ਤਕਨੀਕੀ ਸਲਾਹਕਾਰ ਦੀ ਨਿਯੁਕਤੀ ਕਰਨ ਲਈ 636.45 ਲੱਖ ਰੁਪਏ ਦੇ ਫੰਡਾਂ ਦੀ ਪ੍ਰਵਾਨਗੀ ਮੰਗੀ ਤਾਂ ਕਿ ਇਨ੍ਹਾਂ ਸੜਕਾਂ ਲਈ ਲੋੜੀਂਦੀਆਂ ਸੇਧਾਂ ਕੀਤੀਆਂ ਜਾ ਸਕਣ। ਕੈਪਟਨ ਅਮਰਿੰਦਰ ਸਿੰਘ ਨੇ ਨਿਤਿਨ ਗਡਕਰੀ ਨੂੰ ਦਿੱਲੀ-ਅੰਮ੍ਰਿਤਸਰ-ਕੱਟੜਾ ਐਕਸਪ੍ਰੈਸਵੇਅ ਪ੍ਰੋਜੈਕਟ ਲਈ ਪ੍ਰਵਾਨਗੀ ਵਿੱਚ ਤੇਜ਼ੀ ਦੀ ਅਪੀਲ ਕੀਤੀ ਤੇ ਕਿਹਾ ਕਿ ਪਟਿਆਲਾ-ਸਰਹੰਦ-ਮੋਰਿੰਡਾ ਰੋਡ ਨੂੰ ਫੋਰ-ਲੇਨ ਦੀ ਪ੍ਰਵਾਨਗੀ ਦਿੱਤੀ ਜਾਵੇ। ਉਨ੍ਹਾਂ ਨੇ ਚਾਲੂ ਸਾਲ ਦੌਰਾਨ ਬੰਗਾ-ਗੜ੍ਹਸ਼ੰਕਰ-ਆਨੰਦਪੁਰ ਸਾਹਿਬ-ਨੈਣਾ ਦੇਵੀ ਰੋਡ ਨੂੰ ਨੈਸ਼ਨਲ ਹਾਈਵੇ ਐਲਾਨਣ ਦੀ ਅਪੀਲ ਕੀਤੀ ਤੇ ਪੰਜਾਬ ਦੇ ਬਾਕੀ ਪ੍ਰਾਜੈਕਟਾਂ ਦੀ ਪ੍ਰਵਾਨਗੀ ਲਈ ਕਿਹਾ, ਜਿਨ੍ਹਾਂ ਵਿੱਚ ਪਟਿਆਲਾ-ਪੇਹੋਵਾ-ਕੁਰੁਕਸ਼ੇਤਰ-ਲਾਡਵਾ-ਯਮੁਨਾਨਗਰ (30.30 ਕਿਲੋਮੀਟਰ), ਪ੍ਰੇਮਨਗਰ-ਮੋਰਿੰਡਾ-ਚਮਕੌਰ ਸਾਹਿਬ-ਬੇਲਾ-ਪਨਿਆਲੀ ਰੋਡ, ਜਿਹੜਾ ਨੈਸ਼ਨਲ ਹਾਈਵੇ-344-ਏ ਨਾਲ ਜੁੜਦਾ ਹੈ (31 ਕਿਲੋਮੀਟਰ), ਖੰਨਾ-ਮਲੇਰਕੋਟਲਾ-ਰਾਏਕੋਟ-ਜਗਰਾਉ ਰੋਡ, ਜਿਹੜਾ ਸਿੱਧਵਾਂ ਗੇਟ ਨੇੜੇ ਨੈਸ਼ਨਲ ਹਾਈਵੇ-703 ਨਾਲ ਜੁੜਦਾ ਹੈ (120 ਕਿਲੋਮੀਟਰ), ਨਵਾਂ ਸ਼ਹਿਰ-ਰਾਹੋਂ-ਮਾਛੀਵਾੜਾ-ਸਮਰਾਲਾ-ਖੰਨਾ ਰੋਡ (65 ਕਿਲੋਮੀਟਰ), ਤਰਨ ਤਾਰਨ-ਗੋਇੰਦਵਾਲ ਸਹਿਬ-ਕਪੂਰਥਲਾ ਰੋਡ (50 ਕਿਲੋਮੀਟਰ) ਤੇ ਗੁਰਦਾਸਪੁਰ-ਮੁਕੇਰੀਆਂ-ਤਲਵਾੜਾ-ਮੁਬਾਰਕਪੁਰ ਰੋਡ (83 ਕਿਲੋਮੀਟਰ) ਦੇ ਪ੍ਰਾਜੈਕਟ ਸ਼ਾਮਲ ਹਨ। ਇਸ ਤੋਂ ਇਲਾਵਾ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰੀ ਮੰਤਰੀ ਨੂੰ ਖਰੜ-ਬਨੂੜ-ਤੇਪਲਾ ਨੈਸ਼ਨਲ ਹਾਈਵੇ ਨੂੰ ਫੋਰ ਲੇਨ ਬਣਾਉਣ ਲਈ ਬੇਨਤੀ ਕੀਤੀ ਅਤੇ ਗੁਰਦਾਸਪੁਰ-ਡੇਰਾ ਬਾਬਾ ਨਾਨਕ-ਅੰਮ੍ਰਿਤਸਰ-ਖੇਮਕਰਨ-ਆਰਿਫ਼ ਕੇ ਰੋਡ ਦੇ ਪ੍ਰੋਜੈਕਟਾਂ ਦੇ ਨਾਲ ਭਾਰਤਮਾਲਾ ਦੇ ਹੋਰ ਪ੍ਰੋਜੈਕਟ ਵੀ ਪੰਜਾਬ ਨੂੰ ਤਬਦੀਲ ਕਰਨ ਦੀ ਅਪੀਲ ਕੀਤੀ।

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇਂਸਟ੍ਰਕਟਰ



647-998-7500 ਬਲਵਿੰਦਰ

Barber ਦੀ ਲੋੜ For Men Haircut
Airport ਤੇ Sandalwood ਦੇ ਏਰੀਏ 'ਚ ਇਕ ਸੇਲੋਨ ਨੂੰ Men Haircut ਲਈ Barber ਦੀ ਲੋੜ ਹੈ। ਫੁਲ ਟਾਈਮ ਕੰਮ, ਵਧੀਆ ਤਨਖਾਹ ਦਿੱਤੀ ਜਾਵੇਗੀ।
ਹੋਰ ਜਾਣਕਾਰੀ ਲਈ ਕਾਲ ਕਰੋ :
416 992 2320


G MEDIA GROUP PRESENTS
RADIO RAMZ PUNJABI
an expression of the community
FROM APRIL 1ST, 2019
ON
FM 91.9
EVERYDAY 1PM TO 2PM
HOST:
Harjinder Singh Gill
Ramz Punjabi
RADIO & TV
An expression of the community
647.400.6862 | RAMZPUNJABI@GMAIL.COM | WWW.RAMZPUNJABI.COM



Aikam MEDIA GROUP
Radio Punjab
Monday to Friday
2:00PM to 3:00PM on 89.5 FM
Aikam TV
Every Saturday on Vision TV
Canada Wide
10:00PM to 11:00PM EST
7:00PM to 8:00PM PST
Aikam Arts Academy
Learn Indian Classical Music
Instruments
Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com




PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com



GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal
Co-Host
Iqbal Mahal
Producer & Host
Serving the South Asian Community Since 1976





# ਅਸੀਂ ਕਾਹਦੇ ਕੈਨੇਡਾ ਆਏ, ਬੇਮੁਖ ਹੋਗੇ ਗੁਰਾਂ ਤੋਂ ॥੨॥



ਕਰਨੈਲ ਸਿੰਘ ਟੋਰਾਂਟੋ
416-746-7642

ਗਉੜੀ ਕੀ ਵਾਰ ਮਹਲਾ ੫ ॥ {ਪੰਨਾ ੩੧੯}

ਵੇਮੁਖ ਹੋਏ ਰਾਮ ਤੇ ਜਿਉ ਤਸਕਰ ਉਪਰਿ ਸੂਲਿ॥੨॥

ਅਰਥ:- ਜਿਹੜੇ ਪੁਰਖ ਰਾਮ ਤੋਂ ਬੇਮੁਖ ਹੁੰਦੇ ਹਨ, ਉਹ ਇਹੋ ਜਿਹੇ ਦੁਖ ਭੋਗਦੇ ਹਨ ਜਿਵੇਂ ਤਸਕਰ = ਚੋਰ ਬਾਦਸ਼ਾਹੀ ਹੁਕਮ ਅਨੁਸਾਰ ਸੂਲੀ=ਫਾਂਸੀ ਉਤੇ ਟੰਗੇ ਹੋਏ ਦੁਖ ਭੋਗਦੇ ਹਨ। ਪਰਮਾਤਮਾਂ ਦਾ ਨਾਮ ਗੁਰੂ ਧਾਰਨ ਕਰਕੇ ਨਾ ਜਪਣਾ, ਦੁਨੀਆਂ ਦੇ ਝੂਠੇ ਧੰਦਿਆਂ ਵਿਚ ਹੀਰਾ ਜਨਮ ਗਵਾ ਜਾਂਦੇ ਹਨ।

ਗਾਉੜੀ ਬੈਰਾਗਣਿ ਮਹਲਾ ੧॥{ਪੰਨਾ ੧੫੬}

ਤਥਾ: ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ॥

ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ॥ ੧॥

ਅਰਥ:- ਐ ਦੁਨੀਆਂ ਦੇ ਲੋਗੋ ਰਾਤਾਂ ਸਾਰੀ ਉਮਰ ਦੀਆਂ ਸੌਂ ਸੌਂ ਕੇ ਗਵਾ ਦਿਤੀਆਂ ਹਨ, ਦਿਨ ਖਾਣ ਪੀਣ ਵਿਚ ਅਤੇ ਪਦਾਰਥਾਂ ਨੂੰ ਕੱਠੇ ਕਰਨ ਵਿਚ ਗਵਾ ਦਿਤੇ ਹਨ। ਤੇਰਾ ਮਨੁੱਖੀ ਜਾਮਾਂ ਹੀਰੇ ਵਾਂਗ ਅਮੋਲਕ ਹੈ। ਇਕ ਨਾਮੁ ਤੋਂ ਬਗੈਰ ਕੋਉਡੀਆਂ ਦੇ ਭਾਹ ਜਿਨ੍ਹੀ ਕੀਮਤ ਪੈਣੀ ਹੈ ਆਖਰ ਨੂੰ, ਚਉਰਾਸੀ ਦੇ ਚੱਕਰ ਵਿਚ ਘੁਮੇਂਗਾ।

ਤਥਾ:- ਪਰਮੇਸ਼ਰ ਤੇ ਭੁਲਿਆਂ ਵਿਆ- ਪਨਿ ਸਭੇ ਰੋਗ॥ ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ॥

ਅਰਥ:- ਪਰਮੇਸਰ ਨੂੰ ਭੁਲਣ ਵਾਲਿਆਂ ਨੂੰ ਸਾਰੇ ਰੋਗ ਲਗ ਜਾਂਦੇ ਹਨ। ਬੇਮੁਖ ਹੋਏ ਪੁਰਸ਼ ਅਤੇ ਇਸਤ੍ਰੀਆਂ ਨੂੰ ਜਨਮ ਮਰਨ ਦਾ ਵਿਜੋਗ ਦੁਖ ਲੱਗ ਜਾਂਦਾ ਹੈ। ਨੋਟ:- ਬੇਮੁਖ ਦੋ ਤਰ੍ਹਾਂ ਦੇ ਹਨ ਮੇਰੀ ਸਮਝ ਵਿਚ, ਇਕ ਨਿਗੁਰਾ ਜਿਸ ਨੇਂ ਸਾਰੀ ਉਮਰ ਗਵਾ ਦਿਤੀ, ਪੂਰਨ ਗੁਰੂ ਧਾਰਨ ਕਰਕੇ ਪ੍ਰਭੂ ਦਾ ਨਾਮੁ ਨਹੀਂ ਜਪਿਆ। ਦੂਜਾ ਬੇਮੁਖ ਗੁਰੂ ਵਾਲਾ ਹੈ, ਜਿਹੜਾ ਆਪਣੇ ਗੁਰੂ ਦੇਵ ਦੇ ਬਚਨਾਂ ਦੀ ਪਾਲਣਾਂ ਤਾਂ ਕੀ ਕਰਨੀ ਸੀ, ਸਗੋਂ ਗੁਰੂ ਦੇਵ ਜੀ ਦੇ ਲਿਖੇ ਜਾਂ ਕਹੇ ਬਚਨ ਤੇ ਕਿੰਤੂ ਪ੍ਰੰਤੂ ਕਰਦਾ ਹੈ ਕੇ ਗੁਰੂ ਜੀ ਤੁਸੀਂ ਪਹਿਲੇ ਸਮੇਂ ਵਿਚ ਆਏ ਸੀ, ਉਸ ਵੇਲੇ ਨਾਂ ਕੋਈ ਯੂਨੀਵਰਸਿਟੀ ਨਾ ਕਾਲਜ, ਅਸੀਂ ਹੁਣ ਕਾਲਜਾਂ ਵਿਚ ਪੜ੍ਹੇ ਹਾਂ। ਸਾਡੀ ਸੋਚਣੀ ਤੁਹਾਡੇ ਨਾਲੋਂ ਉੱਚੀ ਅਤੇ ਵੱਖਰੀ ਹੈ। ਤੁਸੀਂ ਸੰਤਾਂ ਦੇ ਚਰਨ ਧੋ ਕੇ ਪੀਣ ਦਾ ਹੁਕਮ ਚਾੜ੍ਹਿਆ ਹੈ। ਅਸੀਂ ਇਸ ਦੇ ਨਾਲ ਸਹਿਮਤ ਨਹੀਂ, ਅਸੀਂ ਹੁਣ ਪਾਨਾਂ ਦਾ ਬੀੜਾ ਚੁੱਕਿਆ ਹੈ। ਕੇ ਅਸੀਂ ਸੰਤ ਵਾਦ =ਡੇਰਾ ਵਾਦ ਨੂੰ ਬੰਦ ਕਰਨਾ ਹੈ। ਇਹ ਤੇਰੇ ਸੰਤ ਹੁਣ ਬਹੁਤ ਵੱਧ ਗਏ ਹਨ, ਅਸੀਂ ਤੇਰੇ ਪੁਤ੍ਰਾਂ ਸੰਤਾਂ ਦਾ ਡੱਟ ਕੇ ਵਿਰੋਧ ਕਰਦੇ ਹਾਂ। ਅਸੀਂ ਕਰਦੇ ਰਹਾਂਗੇ ਤੇਰੇ ਪਿਆਰਿਆਂ ਦਾ, ਨਾਲੇ ਅਸੀਂ ਹੁਣ ਕੈਨੇਡਾ ਜੈਸੇ ਸੁੰਦਰ ਮੁਲਕਾਂ ਵਿਚ ਆ ਗਏ ਹਾਂ। ਅਸੀਂ ਬਹੁਤ ਸਮਝਦਾਰ ਹੋ ਗਏ ਹਾਂ, ਤੇਰੀਆਂ ਪੁਰਾਣੀਆਂ ਗਲਾਂ ਨੂੰ ਅਸੀਂ ਪਸੰਦ ਨਹੀਂ ਕਰਦੇ। ਅਸੀਂ ਤੇਰੇ ਸੰਤਾਂ, ਸਾਧੂਆਂ ਆਦਿਕ ਦੀ ਸਿਫਤ ਨੂੰ ਉਕਾ ਹੀ ਨਹੀਂ ਮਨਾਂਗੇ। ਆਪਣੇ ਗੁਰੂ ਗ੍ਰੰਥ ਸਾਹਿਬ ਦੇ ਵਿਰੋਧ ਵਿਚ ਖੜ੍ਹਨ ਵਾਲਾ ਬੇਮੁਖ ਹੁੰਦਾ ਹੈ। ਪੜ੍ਹਿਆ ਲਿਖਿਆ ਬੇਮੁਖ ਹੈ। ਦਰਗਾਹੀ ਬਚਨਾਂ ਤੇ ਕਿੰਤੂ ਕਰਨ ਵਾਲਾ ਬੇਮੁਖ ਹੁੰਦਾ ਹੈ।

ਵਾਰ ਮਾਝ ਕੀ ਮਹਲਾ ੧ ॥{ਪੰਨਾ ੧੪੦}

ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅੰਹਕਾਰਾ॥

ਨਾਉ ਪੜੀਐ ਨਾਉ ਬੁਝੀਐ ਗੁਰਮਤੀ ਵੀਚਾਰਾ॥

ਅਰਥ:- ਉਸ ਪੜ੍ਹੇ ਲਿਖੇ ਨੂੰ ਮੂਰਖ ਕਹਿੰਦੇ ਹਨ ਗੁਰੂ ਨਾਨਕ ਦੇਵ ਜੀ।ਜਿਸ ਦੇ ਅੰਦਰ ਪਦਾਰਥਾਂ ਦੇ ਖਾਣ ਪੀਣ ਦਾ ਪਦਾਰਥਾਂ ਦੇ ਇਕੱਠੇ ਕਰਨ ਦਾ ਲੋਭ ਹੈ, ਅਤੇ ਆਪਣੀ ਵਿਦਿਆ ਦੇ ਮਾਨ ਹੰਕਾਰ ਵਿਚ, ਸ੍ਰਿਸ਼ਟੀ ਦੇ ਕਰਨ ਵਾਲੇ ਗੁਰੂ ਨਾਨਕ ਦੇਵ ਦੇ ਲਿਖੇ ਬਚਨਾਂ ਤੇ ਕਿੰਤੂ ਪ੍ਰੰਤੂ ਕਰਦੇ ਹਨ। ਗੁਰੂ ਕਾ ਪਿਆਰਾ ਸਿਖ ਉਹੀ ਹੈ ਜੋ ਸਤ ਬਚਨ ਦਾ ਅਧਿਖਾਰੀ ਹੋਵੇ।ਇਕ ਨਾਮ ਨੂੰ ਹੀ ਪੜ੍ਹਕੇ ਜਪਣਾ ਹੈ ਅਤੇ ਨਾਮ ਨੂੰ ਹੀ ਬੁਝੀਐ=ਵਿਚਾਰਨਾ ਹੈ।

ਪਉੜੀ॥ ਪੜਿਆ ਹੋਵੈ ਗੁਨਹਗਾਰੁ ਤਾ ਓਮੀ ਸਾਧੁ ਨ ਮਾਰੀਐ॥

ਜੇਹਾ ਘਾਲੇ ਘਾਲਣਾ ਤੇਵੇਹੋ ਨਾਉ ਪਚਾਰੀਐ॥ {ਪੰਨਾ ੪੬੯}

ਅਰਥ:- ਜੇ ਕਰ ਪੜ੍ਹਿਆ ਹੋਇਆ ਵਿਦਵਾਨ ਗਿਆਨੀ ,ਜਾਂ ਸੱਕਾਲਰ, ਆਪਣੇ ਗੁਰਾਂ ਦੇ ਵਿਰੋਧ ਵਿਚ ਖੜ੍ਹਕੇ ਗੁਨਾਹ ਕਰਦਾ ਹੈ, ਤਾਂ ਉਸ ਦੀ ਜਗ੍ਹਾ ਤੇ ਓਮੀ=ਅਨਪੜ੍ਹ ਸਾਧ ਨਹੀਂ ਮਾਰਿਆ ਜਾਂਦਾ। ਬੰਦੇ ਦੇ ਕੀਤੇ ਕਰਮਾਂ=ਪਾਪਾਂ ਪੁੰਨਾਂ ਦੇ ਆਧਾਰ ਤੇ ਹੀ ਫੈਸਲਾ ਹੋਣਾ ਹੈ।

ਤਥਾ: ਜੋ ਧਰਮ ਕਮਾਵੈ ਤਿਸੁ ਧਰਮ ਨਾਉ ਹੋਵੈ ਪਾਪਿ ਕਮਾਣੈ ਪਾਪੀ ਜਾਣੀਐ॥

ਮਾਝ ਕੀ ਵਾਰ {ਪੰਨਾ ੧੩੯}

ਤਥਾ: ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰਇ॥ {ਪੰਨਾ ੪੭੨}

ਅਰਥ:- ਉਸ ਪੜ੍ਹੇ ਲਿਖੇ ਬ੍ਰਾਮਣ, ਪੰਡਿਤ ਅਤੇ ਰਾਗੀ , ਢਾਡੀ, ਗ੍ਰੰਥੀ, ਪਾਖੰਡੀ ਸਾਧਾਂ ਆਦਿਕ ਵਿਦਵਾਨਾਂ ਦੇ ਸੱਚੀਂ ਦਰਗਾਹ ਵਿਚ ਧਰਮ ਰਾਜਾ ਹੱਥ ਵੱਢਣ ਦੀ ਸਜ਼ਾ ਦਿੰਦੇ ਹੈ, ਜਿਸ ਨੇਂ ਪਾਪ ਕਰਮ ਵਿਚ ਧਰਮ ਦੀ ਗਵਾਹੀ ਦਿਤੀ ਹੈ, ਜਾਂ ਝੂਠੀਆਂ ਅਰਦਾਸਾਂ ਕੀਤੀਆਂ ਹਨ। ਹਮੇਸ਼ਾ ਸੱਚੇ ਕਰਮ ਦੀ ਅਰਦਾਸ ਕਰੋ ਜੀ।

ਧਾਰਨਾ: ਝੂਠਿਆ ਦਲਾਲਾ ਤੇਰੇ ਦੋਵੇਂ ਹੱਥ ਵੱਢੇ ਜਾਣਗੇ॥ ੨॥ ਝੂਠੀਆ ਦਲਾਲਾ ਤੇਰੇ ਹੱਥ ਵੱਢੇ ਜਾਣਗੇ। ਅੰਤਰਾ: ਮੇਰੇ ਪਿਆਰੇ ਜੀ ਦੋਵੇਂ ਹੱਥ ਵੱਢੇ ਜਾਣਗੇ॥੨॥

ਗਉੜੀ ਮਹਲਾ ੫॥

ਜੋ ਪ੍ਰਾਣੀ ਗੋਵਿੰਦੁ ਧਿਆਵੈ॥ ਪੜਿਆ ਅਣਪੜਿਆ ਪਰਮ ਗਤਿ ਪਾਵੈ॥ ੧॥

ਅਰਥ: ਜਿਹੜਾ ਮਨੁਖ ਗੋਬਿੰਦ ਨੂੰ ਧਿਆਉਂਦਾ ਹੈ, ਭਾਵੇਂ ਉਹ ਅਨਪੜ੍ਹ ਹੈ, ਜਾਂ ਪੜ੍ਹਿਆ ਹੈ, ਮੁਕਤੀ ਪਾ ਲੈਂਦੇ ਹਨ ਦੋਵੇਂ ਹੀ। ਉਥੇ ਪੜ੍ਹਾਈ ਨਹੀਂ ਦੇਖੀ ਜਾਂਦੀ, ਉਥੇ ਕੀਤੇ ਕਰਮਾਂ ਤੇ ਨਿਬੇੜਾ ਹੁੰਦਾ ਹੈ, ਪਾਪ ਅਤੇ ਪੁੰਨ ਦੇਖ ਕੇ।

ਮਾਰੂ ਮਹਲਾ 1 ਸੋਹਲੇ {ਪੰਨਾ ੧੦੩੨}

ਪੜਹਿ ਮਨਮੁਖ ਪਰੁ ਬਿਧਿ ਨਹੀ ਜਾਨਾ॥ ਨਾਮੁ ਨ ਬੂਝਹਿ ਭਰਮਿ ਭੁਲਾਨਾ॥

ਲੈਕੈ ਵਢੀ ਦੇਨਿ ਉਗਾਹੀ ਦੁਰਮਤਿ ਕਾ ਗਲਿ ਫਾਹਾ ਹੇ॥੪॥

ਅਰਥ: ਜਿਹੜੇ ਧਾਰਮਕ ਬੰਦੇ ਰਿਸ਼ਵਤ ਲੈ ਕੇ ਪਾਪ ਕਰਨ ਦੀ ਇਜਾਜ਼ਤ ਦਿੰਦੇ ਹਨ, ਆਪਣੇਂ ਇਸ਼ਟ ਦੇਵ ਅੱਗੇ ਖੜ੍ਹਕੇ ਗਵਾਹੀ ਦਿੰਦੇ ਹਨ ਕੇ ਇਹਨਾਂ ਦੇ ਪਾਪ ਕਰਮ ਵਿਚ ਸਾਹੈਤਾ ਕਰੋ, ਦੁਰਮਤ = ਖੋਟੀ ਮਤ ਵਾਲਿਆਂ ਦੇ ਗਲ ਵਿਚ ਫਾਹਾ ਪਾ ਕੇ ਮਾਰਿਆ ਜਾਂਦਾ ਹੈ, ਪਰ ਜੀਵ ਆਤਮਾਂ ਨੂੰ ਤਸੀਹੇ ਦਿਤੇ ਜਾਂਦੇ ਹਨ ਮਰਦੀ ਨਹੀਂ। ਮਨ ਮੁਖ ਪੁਰਸ਼ ਬੇਅੰਤ ਗ੍ਰੰਥ ਪੜ੍ਹਦੇ ਹਨ, ਪਰ ਅਸਲ ਵਿਧੀ ਨਹੀਂ ਜਾਣਦੇ, ਨਾਮ ਨਹੀਂ ਜਪਦੇ ਭਰਮ ਵਿਚ ਭੁੱਲੇ ਰਹਿੰਦੇ ਹਨ, ਗ੍ਰੰਥਾਂ ਨੂੰ ਪੜ੍ਹਕੇ ਵੀ। ਗ੍ਰੰਥਾਂ ਦੇ ਜਾਂ ਧਰਮਾਂ ਦੇ ਝਗੜੇ ਕਰਦੇ ਹਨ।

ਰਾਮਕਲੀ ਮਹਲਾ ੩॥ ਅਨੰਦੁ॥{ਪੰਨਾ ੯੨੦}

ਜੇ ਕੋ ਗੁਰ ਤੇ ਵੇਮੁਖ ਹੋਵੈ ਬਿਨੁ ਸਤਿਗੁਰ ਮੁਕਤਿ ਨ ਪਾਵੈ॥

ਪਾਵੈ ਮੁਕਤਿ ਨ ਹੋਰ ਥੈ ਕੋਈ ਪੁਛਹੁ ਬਿਬੇਕੀਆ ਜਾਏ॥

ਅਰਥ: ਜੇ ਕੋਈ ਗੁਰੂ ਤੋਂ ਬੇਮੁਖ ਹੋਇਆ ਹੈ, ਉਹ ਪੁਰਸ਼ ਆਪਣੇ ਗੁਰਾਂ ਦੀ ਸ਼ਰਣ ਵਿਚ ਆ ਕੇ ਹੀ ਮੁਕਤ ਹੋ ਸਕਦਾ ਹੈ। ਭਾਵੇਂ ਬੇਮੁਖ ਅਨੇਕਾਂ ਜੂਨੀਆਂ ਵਿਚ ਭਰਮ ਆਵੇ, ਤਾਂ ਵੀ ਗੁਰਾਂ ਦੀ ਸਰਨ ਵਿਚ ਆਉਣ ਤੋਂ ਬਿਨਾਂ ਮੁਕਤੀ ਨਹੀਂ ਮਿਲਦੀ।

ਧਾਰਨਾਂ: ਅਸੀਂ ਕਾਹਦੇ ਕੈਨੇਡਾ ਆਏ, ਬੇਮੁਖ ਹੋਗੇ ਰਾਮ ਤੋਂ॥੨॥

ਅੰਤਰਾ :- ਮੇਰੇ ਪਿਆਰੇ ਜੀ ਬੇਮੁਖ ਹੋਗੇ ਰਾਮ ਤੋਂ॥੨॥

ਮੈਨੂੰ ਪ੍ਰਾਣੀਆਂ ਯਾਦਾਂ ਯਾਦ ਆ ਗਈਆਂ, ਉਨੀਂ ਸੌ ਸੰਤਾਲੀ ਤੋਂ ਪਹਿਲਾਂ ਤੋਂ ਮੁਸਲਮਾਨ ਹੁੰਦੇ ਸੀ ਇੰਡੀਆ ਵਿਚ । ਜੇ ਕਿਸੇ ਨਾਲ ਗੁਸ਼ੇ ਗਿੱਲੇ ਦੀ ਗੱਲ ਕਰਨੀ, ਤਾਂ ਉਸਨੂੰ ਬੇਪੀਰਾ ਕਹਿੰਦੇ ਸੀ, ਬੇਪੀਰਾ ਇਕ ਬਹੁਤ ਵੱਡੀ ਫਟਕਾਰ ਸੀ। ਅਸੀਂ ਹੁਣ ਪੀਰ ਵਾਲੇ ਹੋਕੇ ਵੀ ਬੇਪੀਰੇ ਹੋਏ ਬੈਠੇ ਹਾਂ। ਕਿਉਂਕਿ ਜਿਸ ਵੇਲੇ ਗੁਰਸਿੱਖ ਲੋਭ ਲਾਲਚ ਵਿਚ ਆਕੇ ਹੁਕਮਾਂ ਦੀ ਉਲੰਘਣਾਂ ਕਰਦਾ ਹੈ ਤਾਂ ਗੁਰੂ ਸਾਹਿਬ ਆਪਣੇ ਰਿਕਾਰਡ ਵਿਚੋਂ ਉਸ ਦਾ ਨਾਮ ਕੱਢ ਦਿੰਦੇ ਹਨ। ਉਹ ਗੁਰੂ ਵਾਲਾ ਹੋਕੇ ਵੀ ਬੇਪੀਰਾ=ਬੇਮੁਖ ਹੈ। ਮਸਾਲ ਦੇ ਤੌਰ ਤੇ ਗੁਰੂ ਹਰਿ ਰਾਏ ਸਾਹਿਬ ਜੀ ਦੇ ਵੱਡੇ ਪੁਤ੍ਰ ਰਾਮ ਰਾਏ ਜੀ ਨੇ ਔਰੰਗਜ਼ੇਬ ਦੀ ਝੇਪ ਵਿਚ ਉਸ ਤੋਂ ਡਰਕੇ ਇਕ ਬਾਣੀ ਦੀ ਤੁਕ ਉਲਟਾਈ ਸੀ।

ਮਿਟੀ ਮੁਸਲਮਾਨ ਕੀ=ਦੀ ਜਗਾ= ਮਿਟੀ ਬੇਈਮਾਨ ਕੀ= ਕਹਿ ਦਿਤਾ ਸੀ।

ਗੁਰੂ ਗਰਿ ਰਾਏ ਸਾਹਿਬ ਜੀ ਨੂੰ ਪਤਾ ਲਗਾ = ਕੇ ਰਾਮ ਰਾਏ ਸਾਡੇ ਪੁਤ੍ਰ ਨੇ ਵੱਡੇ ਗੁਰਾਂ ਦੀ ਉਚਾਰਨ ਕੀਤੀ ਬਾਣੀ ਦੀ ਇਕ ਤੁਕ ਉਲਟਾ ਦਿਤੀ ਹੈ। ਅੱਜ ਤੋਂ ਸਾਡੇ ਮੂੰਹ ਨਾ ਲੱਗੇ। ਸਾਰੀ ਉਮਰ ਰਾਮ ਰਾਏ ਬਾਹਰ ਰਿਹਾ, ਮਾਤਾ ਪਿਤਾ ਜੀ ਦੇ ਦਰਸ਼ਨਾਂ ਤੋਂ ਬਾਂਝਾ ਰਿਹਾ। ਹੁਣ ਤਾਂ ਅਸੀਂ ਬਹੁਤ ਕੁਝ ਉਲਟਾਈ ਬੈਠੇ ਹਾਂ, ਤਕਰੀਬਨ ਅੱਧੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੜ੍ਹਨ ਤੋਂ ਛੱਡੀ ਹੋਈ ਹੈ। ਕਿੰਤੂ ਪ੍ਰੰਤੂ ਹੈ, ਇਹ ਸਾਧਾਂ ਸੰਤਾਂ ਦੇ ਹੱਕ ਵਿਚ ਜਾਂਦੀਐ ਇਹ ਅਸੀਂ ਨਹੀਂ ਪੜ੍ਹਨੀਂ ਬੇਮੁਖ ਹੋਣ ਲਈ ਇਹ ਸਿਆਣਪ, ਇਹ ਹੰਕਾਰ ਕਾਫੀ ਹੈ, ਪਿਆਰਿਓ ਅਜੇ ਸਮਝੋ।

ਮਹਲਾ ॥੨॥ ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ॥ ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ॥੨॥ {ਪੰਨਾ ੪੭੪}

ਅਰਥ: ਮੱਥਾ ਵੀ ਟੇਕਦਾ ਹੈ ਹੁਕਮ ਮਨਣ ਤੋਂ ਟਾਲਾ ਵੱਟਦਾ ਹੈ। ਆਪਣੇ ਗੁਰੂ ਦੇਵ ਜੀ ਦਾ ਬਚਨ ਨਾਂ ਮੰਨਣਾ ਤਾਂ ਕੂੜਾ=ਝੂਠ ਹੈ ਹੀ। ਉਸ ਦੀ ਨੱਮਸ਼ਕਾਰ ਵੀ ਝੂਠੀ ਹੈ। ਜਿੰਨਾਂ ਮਰਜ਼ੀ ਨੱਕ ਰਗੜਾਈ ਜਾਵੇ ਸਤਿਗੁਰੂ ਜੀ ਪਾਖੰਡ ਸਾਹਿਤ ਕੀਤੀ ਨਮਸ਼ਕਾਰ ਪ੍ਰਵਾਨ ਨਹੀਂ ਕਰਦੇ।ਜਿਸ ਤਰ੍ਹਾਂ ਗੁਰੂ ਹਰਿ ਰਾਏ ਸਾਹਿਬ ਨੇ ਆਪਣੇ ਵਡੇ ਪੁਤਰ ਰਾਮ ਰਾਏ ਨੂੰ ਕਿਹਾ ਸੀ, ਤੈਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਚਾਰਨ ਕੀਤੀ ਬਾਣੀ ਦੀ ਇਕ ਤੁਕ ਉਲਟਾ ਦਿਤੀ ਹੈ, ਰਾਮ ਰਾਏ ਅੱਜ ਤੋਂ ਸਾਰੀ ਜ਼ਿੰਦਗੀ ਸਾਡੇ ਮੂੰਹ ਨਾ ਲਗੀਂ। ਜਦੋਂ ਰਾਮ ਰਾਏ ਨੇ ਔਰੰਗਜ਼ੇਬ ਪਾਸ ਗੱਲ ਕੀਤੀ, ਕੇ ਸਾਡੇ ਪਿਤਾ ਹਰਿ ਰਾਏ ਸਾਹਿਬ ਨੇ ਮੈਨੂੰ ਬੇਦਖਲ ਕਰ ਦਿੱਤਾ ਹੈ ਤਾਂ ਔਰੰਗਜ਼ੇਬ ਨੇ ਰਾਮ ਰਾਏ ਜੀ ਨੂੰ ਸੁੰਦਰ ਡੇਰਾ ਬਣਵਾ ਕੇ ਦਿੱਤਾ ਅਤੇ ਹਜ਼ਾਰਾਂ ਵਿੱਘੇ ਜ਼ਮੀਨ ਰਾਮ ਰਾਏ ਜੀ ਨੂੰ ਦਿਤੀ। ਕਿਉਂਕਿ ਰਾਮ ਰਾਏ ਜੀ ਨੇ 72 ਕਰਾਮਾਤਾਂ ਦਿਖਾਈਆਂ ਸਨ, ਗੁਰੂ ਹਰਿ ਰਾਏ ਜੀ ਦੀ ਮਿਹਰ ਸਦਕਾ। ਇਕ ਮਰੀ ਹੋਈ ਇਸਤ੍ਰੀ ਨੂੰ ਜ਼ਿੰਦਾ ਕੀਤਾ ਸੀ, ਸਵਰਗ ਲੋਗ ਤੋਂ ਫਰੂਟ ਮੰਗਾ ਕੇ ਦਿਤੇ ਸਨ, ਸਾਰੇ ਮੁਲਾਂ ਮੁਲਾਣਿਆਂ ਨੂੰ ਔਰੰਗਜ਼ੇਬ ਦੀ ਕਚਿਹਿਰੀ ਵਿਚ। ਦਿੱਲੀ ਦਾ ਖਜ਼ਾਨਾ ਸਮਾਧੀ ਲਾ ਕੇ ਪਾਈ ਪਾਈ ਗਿਣ ਦਿੱਤਾ ਸੀ। ਬਿਨਾਂ ਕੁਹਾਰਾਂ ਤੋਂ ਮਜਨੂੰ ਟੀਲੇ ਤੋਂ ਸ਼ਾਹੀ ਦਰਬਾਰ ਤਕ , ਰਾਮ ਰਾਏ ਜੀ ਪਾਲਕੀ ਵਿਚ ਬੈਠੇ ਹਨ, ਕਿਸੇ ਬੰਦੇ ਨੇ ਨਹੀਂ ਚੁਕੀ ਹੋਈ ਪਾਲਕੀ, ਧਰਤੀ ਤੋਂ ਦਸ ਫੁਟ ਉਚੀ ਪਾਲਕੀ ਉਡ ਕੇ ਆ ਰਹੀ ਐ। ਜਦੋਂ ਸ਼ਾਹੀ ਦਰਬਾਰ ਵਿਚ ਪਾਲਕੀ ਉਤਰੀ ਤਾਂ ਸਣੇ ਔਰੰਗਜ਼ੇਬ ਸਾਰੇ ਹੈਰਾਨ ਪ੍ਰਸ਼ਾਨ ਰਹਿ ਗਏ। ਇਹ ਕ੍ਰਿਪਾ ਗੁਰੂ ਹਰਿ ਰਾਏ ਸਾਹਿਬ ਜੀ ਦੀ ਸੀ, ਆਪਣੇ ਸਾਹਿਬਜ਼ਾਦੇ ਰਾਮ ਰਾਏ ਤੇ। ਫਰ ਇਕ ਵੱਡੀ ਗਲਤੀ ਕਰਨ ਕਰਕੇ = ਬੇ ਪੀਰਾ ਹੋ ਗਿਆ ਰਾਮ ਰਾਏ। ਅਸੀਂ ਗਲਤੀ ਤੇ ਗਲਤੀ ਕਰਕੇ ਕਿਵੇਂ ਬਖਸ਼ੇ ਜਾਵਾਂਗੇ, ਜਿਨ੍ਹਾਂ ਨੇ ਆਪਣੇ ਪੁਤਰ ਨੂੰ ਨਹੀਂ ਬਖਸ਼ਿਆ। ਅਸੀਂ ਹੁਣ ਖਾਲੀ ਡਰਾਮੇ ਬਾਜ਼ੀ ਜ਼ਿਆਦਾ ਕਰਦੇ ਹਾਂ, ਲੋਗਾਂ ਨੂੰ ਗੁਮਰਾਹ ਕਰਨ ਲਈ।

ਆਸਾ ਮਹਲਾ ॥੧॥ {ਪੰਨਾ ੪੭੨}

ਕੂੜੀ ਰਾਸਿ ਕੂੜਾ ਵਾਪਾਰੁ,, ਕੂੜੁ ਬੋਲਿ ਕਰਹਿ ਆਹਾਰੁ,

ਸਰਮ ਧਰਮ ਕਾ ਡੇਰਾ ਦੂਰਿ,ਨਾਨਕ ਕੂੜੁ ਰਹਿਆ ਭਰਪੂਰਿ

ਅਰਥ: ਬਿਨਾਂ ਸ਼ਰਧਾ ਤੋਂ ਕਹਿੰਦਾ ਹੈ ਮੈਂ ਨਾਮ ਜਪਦਾ ਹਾਂ ਸ਼ਰਧਾਲੂ ਹਾਂ ਪਰ ਸ਼ਰਧਾ ਅਤੇ ਸੱਚਾਈ ਤੋਂ ਬਿਨਾਂ ਸਾਰੀ ਰਾਸ ਪੂੰਝੀ ਝੂਠੀ ਹੈ। ਝੂਠ ਦੀ ਖੱਟੀ ਕਰਕੇ ਰੋਜ਼ੀ ਰੋਟੀ ਚਲਾਂਦਾ ਹੈ। ਦੁਨੀਆਂ ਨੂੰ ਤਾਂ ਗੁਮਰਾਹ ਕਰ ਜਾਏਂਗਾ, ਗੁਰੂ ਜੀ ਨੇ ਗੁਮਰਾਹ ਨਹੀਂ ਹੋਣਾ। ਘਟਾਂ ਘਟਾਂ ਦੀ ਜਾਣਦੇ ਹਨ। ਅਭੁਲ ਗੁਰੂ ਕਰਤਾਰ,

ਸ੍ਰੀ ਦਸਮ ਗ੍ਰੰਥ {ਪੰਨਾ ੨੨੪}

ਦੋਹਰਾ ਭੇਖ ਦਿਖਾਏ ਜਗਤ ਕੋ ਲੋਗਨ ਕੋ ਬਸਿ ਕੀਨ,

ਅੰਤ ਕਾਲਿ ਕਾਤੀ ਕਟਯੋ ਬਾਸੁ ਨਰਕ ਮੋ ਲੀਨ {੫੬}

ਦਾਸ ਦੀ ਲਿਖੀ ਪੁਸਤਕ = ਨਾਮ ਕੀ ਮਹਿਮਾ =

ਦਾਸ=ਕਰਨੈਲ ਸਿੰਘ ਟੋਰਂਟੋ ਵਲੋਂ ਕੈਨੇਡਾ ਡੇਅ ਤੇ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈ ਹੋਵੇ। 416-746-7642

## ਹਲਕਾ ਫੁਲਕਾ

ਲਾਲੂ ਦੀ ਸਿਹਤ ਠੀਕ ਨਹੀਂ ਰਹਿੰਦੀ ਸੀ। ਉਹ ਡਾਕਟਰ ਦੇ ਕੋਲ ਗਿਆ ਤਾਂ ਡਾਕਟਰ ਨੇ ਪੁੱਛਿਆ, "ਪੂਰੇ ਦਿਨ ਵਿੱਚ ਕਿੰਨੀਆਂ ਸਿਗਰਟਾਂ ਪੀਂਦਾ ਏਂ?"

ਲਾਲੂ, "ਜੀ, 20 ਸਿਗਰਟਾਂ।"

ਡਾਕਟਰ, "ਮੇਰੇ ਤੋਂ ਇਲਾਜ ਕਰਾਉਣਾ ਹੈ ਤਾਂ ਸਿਗਰਟ ਪੀਣ ਤੋਂ ਪ੍ਰਹੇਜ਼ ਕਰਨਾ ਪਵੇਗਾ। ਤੂੰ ਨਿਯਮ ਬਣਾ ਲੈ ਕਿ ਸਿਰਫ ਭੋਜਨ ਤੋਂ ਬਾਅਦ ਹੀ ਇੱਕ ਸਿਗਰਟ ਪੀਵੇਂਗਾ?"

ਲਾਲੂ ਨੇ ਡਾਕਟਰ ਦੀ ਗੱਲ ਮੰਨ ਕੇ ਇਲਾਜ ਕਰਵਾਉਣਾ ਸ਼ੁਰੂ ਕਰ ਦਿੱਤਾ। ਫਿਰ ਕੁਝ ਸਮੇਂ ਵਿੱਚ ਉਸ ਦੀ ਸਿਹਤ ਇਕਦਮ ਸੁਧਰ ਗਈ।

ਡਾਕਟਰ ਬੋਲਿਆ, "ਦੇਖਿਆ, ਮੇਰੇ ਦੱਸੇ ਪ੍ਰਹੇਜ਼ ਨਾਲ ਤੂੰ ਠੀਕ ਹੋ ਗਿਆਂ।"

ਲਾਲੂ, "...ਪਰ ਡਾਕਟਰ ਸਾਹਿਬ ਦਿਨ ਵਿੱਚ 20 ਵਾਰ ਭੋਜਨ ਕਰਨਾ ਬਹੁਤ ਔਖਾ ਕੰਮ ਹੈ।"


BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
BEST CANADIAN TRUCK & FORKLIFT TRAINING CENTRE



ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ
Open Seven Days
- AZ Tractor trailer program
- Manual transmission & backup training everyday
- We welcome welfare workers & compensation clients

Forklift Re-Certification Only $69.00/-



Karnail Singh
416.670.3173 | 905.799.7333
27 Edvac Dr, Brampton, ON L6S 5X8



ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।



- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224



A-Grade Tutoring Centre
Since 2004
15th SUMMER TUTORING
Special 2 Months (8 weeks) Program
MATH SCIENCE ENGLISH GRADES JK - 12

Classes will Start on
- July 02 (Tuesday) 1st Batch
- July 08(Monday) 2nd Batch
- July 15 (Monday) 3rd Batch
- July 22(Monday) 4th Batch

Starting from $50 /week(JK)
*Charges may vary according to the grade



Mrs. Manmeet Bhullar, OCT
M.Sc. (Physics), B.Ed.
(Certified Teacher of Math & Science)

- Ryerson University, Toronto Graduate & certified teachers by Ontario College of Teachers.
- Providing SUMMER TUTORING classes for ALL GRADES, since 2004, according to the curriculum of Ontario schools including:
- MATHEMATICS, SCIENCE, LANGUAGE ARTS (Reading, Writing, Phonics & Grammar).
- Very low student to teacher ratio.
- *Very-Very reasonable charges.*



Mr. Pushpinder Bhullar
M.A.Sc. (Mechanical Engg.)
(Graduate of Ryerson University, Toronto)

Springdale (Main Location) Unit # 2, 1098 Peter Robertson Blvd. (Karol Bagh Plaza) (Corner of Peter Robertson & Torbram)

Call : 905-790-1516



GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Residential | Commercial | Investment



Jagdish Grewal
Sales Representative
(416) 970-5005

Century 21 President Realty Inc Brokerage Independently Owned and Operated
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

# ...ਹੁਣ ਦਿੱਲੀ ਗੁਰਦੁਆਰਾ ਕਮੇਟੀ ਅਮਰੀਕਾ ਵਿੱਚ ਧਰਮ ਪ੍ਰਚਾਰ ਕਰੇਗੀ?



ਜਸਵੰਤ ਸਿੰਘ 'ਅਜੀਤ'

ਇਨ੍ਹਾਂ ਹੀ ਦਿਨਾਂਵਿੱਚ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਆਪਣੇ ਮੈਂਬਰਾਂ ਦੇ ਨਾਂ ਇੱਕ ਗਸ਼ਤੀ ਜਾਰੀ ਕੀਤਾ ਗਿਆ ਹੈ, ਜਿਸ ਵਿੱਚ ਉਨ੍ਹਾਂ ਨੂੰ ਦਸਿਆ ਗਿਆ ਹੈ ਕਿ ਦਿੱਲੀ ਗੁਰਦੁਆਰਾ ਕਮੇਟੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550-ਸਾਲਾ ਪ੍ਰਕਾਸ਼ ਪੁਰਬ ਪ੍ਰਤੀ ਸਮਰਪਿਤ ਇੱਕ ਤਿੰਨ-ਦਿਨਾਂ (12-14 ਜੁਲਾਈ) ਵਿਸ਼ੇਸ਼-ਸਮਾਗਮ ਦਾ ਆਯੋਜਨ ਨਿਊਯਾਰਕ (ਅਮਰੀਕਾ) ਵਿੱਚ ਕਰਨ ਜਾ ਰਹੀ ਹੈ, ਜੇ ਉਹ ਆਪ ਜਾਂ ਕੋਈ ਹੋਰ ਸੱਜਣ ਇਸ ਸਮਾਗਮ ਵਿੱਚ ਸ਼ਾਮਲ ਹੋਣ ਲਈ ਉਥੇ ਜਾਣਾ ਚਾਹੁੰਦਾ ਹੋਵੇ, ਉਹ ਆਪਣਾ ਪਾਸ-ਪੋਰਟਅਤੇ ਹੋਰ ਸੰਬੰਧਤ ਦਸਤਾਵੇਜ਼ ਗੁਰਦੁਆਰਾ ਕਮੇਟੀ ਦੇ ਮੈਂਬਰ ਸ. ਜਸਮੇਨ ਸਿੰਘ ਨੋਨੀ ਦੇਪਾਸ ਜਮਾ ਕਰਵਾ ਸਕਦਾ ਹੈ। ਇਸਦੇ ਨਾਲ ਹੀ ਉਨ੍ਹਾਂ ਨੂੰ ਇਹ ਵੀ ਸਪਸ਼ਟਕਰ ਦਿੱਤਾ ਗਿਆ ਹੈ ਕਿ 'ਕੇਵਲ' ਰਿਹਾਇਸ਼ ਅਤੇ ਲੰਗਰ ਆਦਿ ਦਾ ਪ੍ਰਬੰਧ 'ਹੀ' ਉਥੋਂ ਦੀ ਸੰਗਤ ਵਲੋਂ ਕੀਤਾ ਜਾਇਗਾ, ਬਾਕੀ ਸਾਰੇ ਖਰਚ (ਇਹ ਸਪਸ਼ਟ ਨਹੀਂ ਕੀਤਾਗਿਆ ਕਿ ਉਥੇ ਆਉਣ-ਜਾਣ ਦੇ ਖਰਚ ਪਹਿਲਾਂਵਾਂਗ ਜਿਵੇਂ ਕਿ ਗੁਰਦੁਆਰਾ ਕਮੇਟੀ ਦੇ ਮੈਂਬਰਾਂ ਨੂੰ ਅਮਰੀਕਾ-ਇੰਗਲੈਂਡ ਦੀ ਸੈਰ ਕਰਵਾਉਣ ਪੁਰ ਗੁਰਦੁਆਰਾ ਕਮੇਟੀ ਵਲੋਂ ਕੀਤਾ ਗਿਆ ਸੀ, ਉਸੇ ਤਰ੍ਹਾਂ ਇਸ ਵਾਰ ਵੀ ਗੁਰਦੁਆਰਾ ਕਮੇਟੀ ਵਲੋਂ ਕੀਤਾ ਜਾਇਗਾ ਜਾਂ...) ਆਪ ਹੀ ਸਹਿਣ ਕਰਨੇ ਹੋਣਗੇ। ਇਸ ਪਤ੍ਰਨੂੰ ਪੜ੍ਹ ਕੇ ਇਉਂਜਾਪਦਾ ਹੈ ਕਿ ਜਿਵੇਂ ਗੁਰਦੁਆਰਾ ਕਮੇਟੀ ਦੇ ਮੁਖੀਆਂ ਨੇ ਇਹ ਮੰਨ ਲਿਆ ਹੈ ਕਿ ਦਿੱਲੀ ਗੁਰਦੁਆਰਾ ਕਮੇਟੀ ਦੇ ਆਪਣੇ ਅਧਿਕਾਰ-ਖੇਤ੍ਰ, ਦਿੱਲੀ ਵਿੱਚਧਰਮ ਪ੍ਰਚਾਰ ਕਰਨ ਸੰਬੰਧੀ ਉਸਦੀਆਂਜ਼ਿਮੇਂਦਾਰੀਆਂ ਪੂਰੀਆਂ ਹੋ ਗਈਆਂ ਹੋਈਆਂ ਹਨ, ਇਸਲਈਉਸਨੂੰ ਹੁਣ ਦੇਸ਼-ਵਿਦੇਸ਼ ਦੇ ਵੱਖ-ਵੱਖ ਹਿਸਿਆਂ ਵਿੱਚ ਸਿੱਖੀ ਦਾ ਪ੍ਰਚਾਰ ਕਰਨ ਦੀਆਂ ਕਰਨ ਦੀਆਂ ਜ਼ਿਮੇਂਦਾਰੀਆਂ ਸੰਭਾਲ ਲੈਣੀਆਂ ਚਾਹੀਦੀਆਂ ਹਨ।

ਦੀਵੇ ਥਲੇ ਅਨ੍ਹੇਰਾ :ਇਸ ਸਥਿਤੀ ਨੂੰ ਵੇਖਦਿਆਂ ਹੋਇਆਂ ਜਾਪਦਾ ਹੈ ਕਿ ਜਿਵੇਂ ਗੁਰਦੁਆਰਾ ਕਮੇਟੀ ਦੇ ਮੁੱਖੀਆਂ ਨੂੰ ਇਸ ਗਲ ਦੀ ਕੋਈ ਜਾਣਕਾਰੀ ਨਹੀਂ ਕਿ ਜੋ ਸਿੱਖ ਬੱਚੇ, ਸਕੂਲਾਂ-ਕਾਲਜਾਂਵਿੱਚ ਸੁਰਖਿਅਤ 'ਸਿੱਖ ਘਟਗਿਣਤੀ ਕੋਟੇ' ਅਧੀਨ ਦਾਖਲਾ ਲੈਣ ਲਈ, ਆਪਣੇ 'ਸਿੱਖ' ਹੋਣ ਦਾ ਸਰਟੀਫਿਕੇਟ ਲੈਣ ਲਈਉਨ੍ਹਾਂ ਦੇ ਦਫਤਰ ਆਉਂਦੇ ਹਨ, ਉਨ੍ਹਾਂ ਨਾਲ ਜਦੋਂ ਸਿੱਖ ਧਰਮਜਾਂ ਇਤਿਹਾਸ ਨਲ ਸੰਬੰਧਤ ਸੁਆਲ-ਜੁਆਬ ਕੀਤੇ ਜਾਂਦੇ ਹਨ ਤਾਂ ਉਨ੍ਹਾਂ ਵਿਚੋਂ ਬਹੁਤੇ ਬੱਚੇ ਦਸ ਗੁਰੂ ਸਾਹਿਬਾਨ ਦੇ ਨਾਂ ਤਕ ਵੀ ਨਹੀਂਦਸ ਸਕਦੇ, ਕਈ ਬੱਚੇ ਤਾਂ ਇਹ ਵੀ ਨਹੀਂਦਸ ਸਕਦੇ ਕਿ ਉਹ ਆਪਣੇ ਮਾਤਾ-ਪਿਤਾ ਨਾਲ ਜਿਸ ਇਤਿਹਾਸਕ ਗੁਰਦੁਆਰਾ ਦੇ ਦਰਸ਼ਨਾਂ ਲਈ ਨਿਰੰਤਰ ਜਾਂਦੇ ਰਹਿੰਦੇ ਹਨ, ਉਸਦੀ ਇਤਿਹਾਸਕਤਾ ਦਾ ਸੰਬੰਧ ਕਿਹੜੇ ਗੁਰੂ ਸਾਹਿਬ ਨਾਲ ਹੈ? ਉਸ ਸਮੇਂ ਤਾਂਹੋਰ ਵੀ ਹੈਰਾਨੀ ਵੱਧ ਜਾਂਦੀ ਹੈ, ਜਦੋਂ ਉਨ੍ਹਾਂ ਬਚਿਆਂ ਦੇ ਨਾਲ ਆਉਣ ਵਾਲੇ ਉਨ੍ਹਾਂ ਦੇ ਮਾਤਾ-ਪਿਤਾ ਵਿਚੋਂ ਵੀ ਕਈਇਨ੍ਹਾਂ ਸੁਆਲਾਂ ਦਾ ਜੁਆਬ ਨਹੀਂ ਦੇ ਪਾਂਦੇ।

ਘਰ ਵੀ ਅਨ੍ਹੇਰੇ ਤੋਂ ਨਹੀਂ ਬਚਿਆ :ਇਸੇਦੌਰਾਨ ਕੁਝ-ਇੱਕ ਸੱਜਣਾਂ ਨੇ ਦਸਿਆ ਕਿ ਬੀਤੇ ਦਿਨੀਂ ਸੋਸ਼ਲ ਮੀਡੀਆ ਪੁਰ ਗੁਰਦੁਆਰਾ ਕਮੇਟੀ ਦੇ ਇੱਕ ਜ਼ਿਮੇਂਦਾਰ ਮੁੱਖੀ ਨਾਲ ਸੰਬੰਧਤ ਇੱਕ ਵੀਡੀਓ ਕਲਿਪ ਵਾਇਰਲ ਹੋਈ ਸੀ, ਜਿਸ ਵਿੱਚ ਉਸ ਮੁੱਖੀ ਵਲੋਂ ਕਸ਼ਮੀਰ ਦੇ ਪੰਡਤਾਂ ਦੀ ਪੁਕਾਰ 'ਤੇ ਉਨ੍ਹਾਂ ਦੇ ਧਾਰਮਕ ਵਿਸ਼ਵਾਸ ਦੀ ਰਖਿਆ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਵਲੋਂ ਆਪਣੀ ਸ਼ਹਾਦਤ ਦਿੱਤੇ ਜਾਣ ਦਾ ਜ਼ਿਕਰ ਕੀਤਾਗਿਆ ਹੋਇਆ ਸੀ। ਜਦੋਂ ਉਸਨੂੰ ਇਹ ਦਸਿਆਂ ਗਿਆ ਕਿ ਇਹ (ਕਸ਼ਮੀਰ ਦੇ ਪੰਡਤਾਂਦੀ ਪੁਕਾਰ 'ਤੇ ਉਨ੍ਹਾਂ ਦੇ ਧਾਰਮਕ ਵਿਸ਼ਵਾਸ ਦੀ ਰਖਿਆ ਲਈ) ਸ਼ਹਾਦਤ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਦਿੱਤੀ ਸੀ, ਨਾ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ, ਤਾਂ ਜਾ ਕੇ ਉਸਨੇ ਆਪਣੇ ਕਥਨ ਵਿੱਚ ਸੋਧ ਕੀਤੀ। ਇਸ ਗਲ ਦੇ ਚਲਦਿਆਂ ਸੁਆਲ ਉਠਾਇਆ ਜਾ ਰਿਹਾ ਹੈ ਕਿ ਜਿਸ ਧਾਰਮਕ ਸੰਸਥਾ ਦੇ ਇੱਕ ਜ਼ਿਮੇਂਦਾਰ ਮੁੱਖੀ ਦਾ ਸਿੱਖ ਧਰਮ ਤੇ ਉਸਦੇ ਇਤਿਹਾਸ ਨਾਲ ਸੰਬੰਧਤ ਗਿਆਨ ਅੱਧਾ-ਅਧੂਰਾ ਹੋਵੇ, ਉਸ ਸੰਸਥਾ ਲਈਕੀ ਇਹ ਜ਼ਰੂਰੀ ਨਹੀਂ ਕਿ ਉਹ ਸਭ ਤੋਂ ਪਹਿਲਾਂਆਪਣਾ ਘਰ ਸੰਭਾਲੇ 'ਤੇ ਆਪਣੇ ਮੁੱਖੀਆਂ, ਮੈਂਬਰਾਂ ਤੇਸਟਾਫ-ਮੈਂਬਰਾਂ ਨੂੰ ਸਿੱਖ ਧਰਮ ਅਤੇਇਤਿਹਾਸ ਦੀ ਜਾਣਕਾਰੀ ਦੇ ਨਾਲ ਨਿਪੁੰਨ ਕਰੇ, ਉਸਤੋਂ ਬਾਅਦ ਆਪਣੇ ਅਧਿਕਾਰ-ਖੇਤ੍ਰ ਦਿੱਲੀ ਵਿੱਚ ਰਹਿ ਰਹੇ ਸਿੱਖ ਪਰਿਵਾਰਾਂ ਨੂੰ ਸਿੱਖ ਇਤਿਹਾਸ ਅਤੇ ਧਰਮ ਨਾਲ ਜੋੜਨ ਪ੍ਰਤੀ ਆਪਣੀ ਜ਼ਿਮੇਂਦਾਰੀ ਨਿਭਾਏ। ਜਦੋਂ ਉਸਦੀਆਂ ਇਹ ਜ਼ਿਮੇਂਦਾਰੀਆਂ ਪੂਰੀਆਂ ਹੋ ਜਾਣ ਤਾਂ ਹੀ ਉਹ ਸੰਸਾਰ ਦੇ ਹੋਰ ਹਿਸਿਆਂ ਵਲ ਝਾਂਕੇ।

ਅੰਤ੍ਰਰਾਸ਼ਟਰੀ ਸਿੱਖ ਸੰਸਥਾ : ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਪ੍ਰਤੀ ਸਮਰਪਿਤ ਨਵ-ਗਠਿਤ ਸੰਸਥਾ ਇੰਟਰਨੈਸ਼ਨਲ ਸਿੱਖ ਕੌਂਸਿਲ ਦੇ ਗਠਨ ਤੋਂ ਬਾਅਦ ਉਸਦੀ ਦੂਸਰੀ ਬੈਠਕ ਬੀਤੇ ਦਿਨੀਂ ਇਥੇ ਹੋਈ ਜਿਸ ਵਿੱਚ ਫੈਸਲਾ ਕੀਤਾ ਗਿਆ ਕਿ ਸੰਸਥਾ ਦੇ ਕੰਮ-ਕਾਜ ਨੂੰ ਅੱਗੇ ਵਧਾਉਣ ਤੋਂ ਪਹਿਲਾਂ ਉਸਦਾ ਵਿਧਾਨ ਤਿਆਰ ਕੀਤਾ ਜਾਏ, ਤਾਂ ਜੋ ਉਸਦੇ ਸਾਰੇ ਕੰਮ ਨਿਯਮਾਂ ਅਨੁਸਾਰ ਅਤੇ ਯੋਜਨਾਬੱਧ ਢੰਗ ਨਾਲ ਅੱਗੇ ਵਧਦੇ ਰਹਿ ਸਕਣ। ਇਸਦੇ ਨਾਲ ਹੀ ਇਹ ਵੀ ਫੈਸਲਾ ਕੀਤਾ ਗਿਆ ਕਿ ਇਸ ਸੰਸਥਾ ਦਾ ਮੁੱਖ ਏਜੰਡਾ ਰਾਜਨੀਤੀ ਤੋਂ ਮੁਕਤ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਤੇ ਉਸਦੇ ਸਰਬ-ਸਾਂਝੇ ਸੰਦੇਸ਼ ਨੂੰ ਪ੍ਰਚਾਰਤ ਕੀਤਾ ਜਾਣਾ ਹੀ ਹੋਵੇ। ਇਸਦੇ ਨਾਲ ਹੀ ਸੰਸਥਾ ਦੇ ਮੈਂਬਰ ਪੰਥਕ ਏਕਤਾ ਲਈ ਵੀ ਕੰਮ ਕਰਦੇ ਰਹਿ ਸਕਦੇ ਹਨ। ਦਸਿਆ ਗਿਆ ਹੈ ਕਿ ਇਸ ਬੈਠਕ ਵਿੱਚ ਸ. ਕੁਲਬੀਰ ਸਿੰਘ, ਡਾ. ਹਰਮੀਤ ਸਿੰਘ, ਸ. ਜਤਿੰਦਰ ਸਿੰਘ ਸਾਹਨੀ, ਸ. ਤਰਸੇਮ ਸਿੰਘ ਸਹਿਤ ਕਈ ਪ੍ਰਮੁਖ ਸਿੱਖ ਸ਼ਖਸੀਅਤਾਂ ਨੇ ਹਿਸਾ ਲਿਆ।

ਪੰਜਾਬੀ ਭਾਸ਼ਾ ਦੇ ਪ੍ਰਚਾਰ ਪ੍ਰਤੀ ਸਮਰਪਿਤ: ਬੀਤੇ ਲਗਭਗ ਤਿੰਨ ਦਹਾਕਿਆਂ ਤੋਂ ਪੰਜਾਬੀ ਭਾਸ਼ਾ ਅਤੇ ਉਸਦੇ ਵਿਰਸੇ ਦੇ ਪ੍ਰਚਾਰ-ਪਸਾਰ ਪ੍ਰਤੀ ਸਮਰਪਿਤ ਚਲੀ ਆ ਰਹੀ ਸੰਸਥਾ, ਪੰਜਾਬੀ ਪ੍ਰੋਮੋਸ਼ਨ ਫੋਰਮਵਲੋਂ ਇਸ ਵਰ੍ਹੇ ਗਰਮੀਆਂ ਦੀਆਂ ਛੁਟੀਆਂ ਵਿੱਚ ਲਗਭਗ ਡੇਢ ਮਹੀਨੇ ਤਕ ਬੱਚਿਆਂਨੂੰ ਪੰਜਾਬੀ ਭਾਸ਼ਾ ਦੀ ਮੁਫਤ ਸਿਖਿਆ ਦੇਨੇ ਅਤੇ ਉਨ੍ਹਾਂ ਨੂੰ ਪੰਜਾਬੀ ਵਿਰਸੇ ਨਾਲ ਜੋੜਨੇ ਲਈਦਿੱਲੀ ਦੇ ਵੱਖ-ਵੱਖ ਹਿਸਿਆਂ ਵਿੱਚ ਕਲਾਸਾਂ ਲਾਏ ਜਾਣ ਦਾ ਆਯੋਜਨ ਕੀਤਾ ਗਿਆ। ਇਸ ਆਯੋਜਨ ਦੀ ਸਮਾਪਤੀ ਪੁਰ, ਪ੍ਰਤਿਭਾਸ਼ਾਲੀ ਵਿਦਿਆਰਥੀਆਂ ਅਤੇਇਸ ਕੰਮ ਵਿੱਚ ਸੇਵਾ ਭਾਵਨਾ ਨਾਲ ਸਹਿਯੋਗ ਕਰਨ ਵਾਲੇ ਅਧਿਆਪਕਾਂ \ ਅਧਿਆਪਕਾਵਾਂ ਅਤੇ ਹੋਰ ਸੱਜਣਾਂ ਦਾ ਸਨਮਾਨ-ਸਤਿਕਾਰ ਕਰਨ ਲਈ ਇੱਕ ਵਿਸ਼ੇਸ਼ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ 'ਤੇ ਫੋਰਮ ਦੇ ਮੁੱਖੀ ਬੀ. ਵਰਿੰਦਰਜੀਤ ਸਿੰਘ ਨੇ ਆਏ ਮਹਿਮਾਨਾਂ ਦਾ ਸਵਾਗਤ ਕਰਦਿਆਂ ਸੰਸਥਾ ਵਲੋਂ ਬੀਤੇ ਤਿੰਨ ਦਹਾਕਿਆਂ ਵਿੱਚ ਪੰਜਾਬੀ ਭਾਸ਼ਾ ਦੇ ਖੇਤ੍ਰ ਵਿੱਚ ਕੀਤੇ ਗਏ ਅਤੇ ਕੀਤੇ ਜਾ ਰਹੇ ਕੰਮਾਂ ਦੇ ਸੰਬੰਧ ਵਿੱਚ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਦਸਿਆਂ ਕਿ ਫੋਰਮ ਵਲੋਂ ਪੰਜਾਬੀ ਦੀ ਸਿਖਿਆ ਲਈ ਲਾਈਆਂ ਜਾਂਦੀਆਂ ਚਲੀਆਂ ਆ ਰਹੀ ਕਲਾਸਾਂ ਵਿੱਚ ਸਿੱਖ ਬਚਿਆਂ ਦੇ ਨਾਲ ਗੈਰ-ਸਿੱਖ, ਹਿੰਦੂ, ਮੁਸਲਮਾਨ, ਇਸਾਈ ਆਦਿ ਫਿਰਕਿਆਂ ਨਾਲ ਸੰਬੰਧਤ ਬੱਚੇ ਵੀ ਵਡੀ ਗਿਣਤੀ ਵਿਚਬੜੇ ਉਤਸਾਹ ਅਤੇ ਲਗਨ ਨਾਲ ਪੰਜਾਬੀ ਭਾਸ਼ਾ ਦਾ ਗਿਆਨ ਹਾਸਲ ਕਰਦੇ ਹਨ। ਇਸ ਮੌਕੇ 'ਤੇ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸ. ਮਨਜਿੰਦਰ ਸਿੰਘ ਸਿਰਸਾ, ਪੰਜਾਬੀ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ. ਜਸਪਾਲ ਸਿੰਘ, ਮਨਮਿੰਦਰ ਸਿੰਘ ਅਯੂਰ, ਦਿੱਲੀ ਗੁਰ-ਦੁਆਰਾ ਕਮੇਟੀ ਦੇ ਹੋਰ ਮੁੱਖੀ, ਬੀਬੀ ਰਣਜੀਤ ਕੌਰ (ਸੀਨੀਅਰ ਮੀਤ ਪ੍ਰਧਾਨ), ਸ. ਹਰਮੀਤ ਸਿੰਘ ਕਾਲਕਾ (ਜਨਰਲ ਸਕੱਤਰ) ਆਦਿ ਨੇ ਵੀ ਆਪਣੀ ਹਾਜ਼ਰੀ ਦਰਜ ਕਰਵਾ, ਪ੍ਰਤਿਭਾਸ਼ਾਲੀ ਬਚਿਆਂ ਅਤੇ ਸੰਸਥਾ ਦੇ ਹੋਰ ਸਹਿਯੋਗੀਆਂ ਨੂੰ ਸਨਮਾਨਤ ਕੀਤਾ।

...ਅਤੇ ਅੰਤ ਵਿੱਚ : ਹੁਣ ਜਦਕਿ ਸਿੱਖਾਂ ਦੀ ਪ੍ਰਤੀਨਿਧਤਾ ਕਰਨ ਦੇ ਦਾਅਵੇਦਾਰ ਸਾਰੇਹੀ ਅਕਾਲੀ ਦਲ ਮਹਤੱਤਾ-ਹੀਨ ਹੋ ਚੁਕੇ ਹਨ ਤਾਂ ਇਹ ਸਮਝ ਪਾਣਾ ਮੁਸ਼ਕਿਲ ਨਹੀਂ ਕਿ ਜਿਸ ਰਾਜਨੀਤਕ ਸਵਾਰਥ ਲਈ ਉਨ੍ਹਾਂ ਦੇ ਮੁਖੀਆਂ ਨੇ ਆਪਣੀ ਧਾਰਮਕ ਜ਼ਿਮੇਂਦਾਰੀ ਨਿਭਾਉਣ ਵਲੋਂ ਕਿਨਾਰਾ ਕਰ ਲਿਆ ਸੀ, ਉਥੇ ਵੀ ਉਹ ਆਪਣੀਸੁਤੰਤਰ ਹੋਂਦ ਬਣਾਈ ਰੱਖ ਨਹੀਂ ਸਕੇ। ਇਤਿਹਾਸ ਗਵਾਹ ਹੈ ਕਿ 'ਰਾਜ ਬਿਨਾ ਨਹਿ ਧਰਮ ਚਲੈ ਹੈਂ" ਦਾ ਭਰਮ ਪੈਦਾ ਕਰ ਜਦੋਂ ਵੀ ਅਕਾਲੀ ਦਲ ਨੇ ਸਿੱਖਾਂ ਦੇ ਸਹਿਯੋਗ ਨਾਲ ਪੰਜਾਬ ਦੀ ਰਾਜਸੱਤਾ ਹਾਸਲ ਕੀਤੀ, ਤਾਂਹੀ ਉਨ੍ਹਾਂ ਨੇ ਸਿੱਖ ਵਿਚਾਰਧਾਰਾ ਦੇ ਵਿਰੋਧੀਆਂ ਨੂੰ ਆਪਣਾ ਭਾਈਵਾਲ ਬਣਾ, ਉਨ੍ਹਾਂ ਦੇ ਸਾਹਮਣੇ ਪੂਰੀ ਤਰ੍ਹਾਂ ਆਤਮ ਸਮਰਪਣ ਕਰ ਦਿਤਾ। ਜਿਸਦੇ ਚਲਦਿਆਂ ਅੱਜ ਹਾਲਤ ਇਹ ਬਣ ਗਈਹੋਈ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਮੁਖੀਆਂ ਨੇ, ਜਿਸ ਰਾਜ-ਸੱਤਾ ਦੀ ਲਾਲਸਾ ਦਾ ਸ਼ਿਕਾਰ ਹੋ, ਆਪਣੀਆਂ ਧਾਰਮਕ ਸੰਤਥਾਵਾਂ ਤੇ ਉਨ੍ਹਾਂ ਦੀਆਂ ਮਾਨਤਾਵਾਂ ਦੀ ਰਖਿਆ ਕਰਨ ਪ੍ਰਤੀ ਆਪਣੀ ਜ਼ਿਮੇਂਦਾਰੀ ਨਿਭਾਉਣਵਲੋਂ ਕਿਨਾਰਾ ਕਰ ਲਿਆ ਸੀ, ਉਹ ਵੀ ਉਨ੍ਹਾਂ ਦੀ ਨਾ ਰਹਿ ਵਿਰੋਧੀਆਂ ਦੀ ਹੋ ਕੇ ਰਹਿ ਗਈ ਅਤੇ ਉਹ ਆਪ ਉਨ੍ਹਾਂ ਦੇ ਹੱਥਾਂ ਵਿੱਚ ਕਠਪੁਤਲੀ ਬਣ ਨਚਦੇ ਰਹਿ ਗਏ। ਉਹ ਨਾ ਆਪਣੇ ਧਮ (ਸਿੱਖੀ) ਦੀ ਰਖਿਆ ਕਰਨੇ ਅਤੇ ਉਸਦੇ ਆਦਰਸ਼ਾਂ ਦਾ ਪਾਲਣ ਕਰਨ ਪ੍ਰਤੀ ਈਮਾਨਦਾਰ ਰਹਿ ਸਕੇ ਤੇ ਨਾ ਹੀ ਰਾਜਨੀਤੀਵਿੱਚ ਹੀ ਆਪਣੀਹੋਂਦ ਕਾਇਮ ਰਖ ਪਾਣਵਿੱਚ ਸਫਲ ਹੋ ਸਕੇ।

Mobile : +91 95 82 71 98 90E-Mail :jaswantsinghajit@gmail.com

# ਬੇਰੋਜ਼ਗਾਰੀ ਤੋਂ 'ਸਿਆਸਤ ਦੀ ਫੈਕਟਰੀ' ਤੱਕ ਦਾ ਸਫਰ

-ਐਨ ਕੇ ਸਿੰਘ

ਤਿੰਨ ਸਾਲ ਪਹਿਲਾਂ ਹੋਏ ਇਕ ਜਾਇਜ਼ੇ ਅਨੁਸਾਰ ਭਾਰਤ 'ਚ ਹਰ 15 ਪਰਵਾਰਾਂ ਦਾ ਇਕ ਮੈਂਬਰ ਕਿਸੇ ਨਾ ਕਿਸੇ ਚੋਣ ਪ੍ਰਕਿਰਿਆ 'ਚ ਸਿੱਧੇ ਜਾਂ ਅਸਿੱਧੇ ਤੌਰ 'ਤੇ ਸ਼ਾਮਲ ਰਹਿੰਦਾ ਹੈ, ਭਾਵ ਚੋਣ ਲੜਦਾ ਹੈ ਜਾਂ ਲੜਾਉਂਦਾ ਹੈ, ਭਾਵ 1.70 ਕਰੋੜ ਲੋਕ ਸਿਆਸਤ ਦੀ ਫੈਕਟਰੀ 'ਚ ਹਨ, ਜੋ ਸੱਚਮੁਚ ਕੋਈ ਉਤਪਾਦਨ ਨਹੀਂ ਕਰਦੀ। ਇਹ ਖੁਦ ਨੂੰ ਉਮੀਦਵਾਰ ਬਣਾਉਣ ਜਾਂ ਜਿੱਤਣ ਦੀ ਪ੍ਰਕਿਰਿਆ 'ਚ ਵੋਟਰਾਂ ਨੂੰ ਲੁਭਾਉਣ ਲਈ ਖੁਦ ਨੂੰ ਜ਼ਿਆਦਾ ਮਜ਼ਬੂਤ, ਸਮਰੱਥ ਅਤੇ ਲੋੜ ਪੈਣ 'ਤੇ ਨਾਲ ਖੜੇ ਹੋਣ ਵਾਲਾ ਦੱਸਣ ਲਈ ਬਚੇ ਹੋਏ ਸਮੇਂ 'ਚ ਕੀ ਕਰਦੇ ਹਨ, ਜੇ ਇਸ ਦਾ ਵਿਸ਼ਲੇਸ਼ਣ ਹੋ ਜਾਵੇ ਤਾਂ ਇਹ ਵੀ ਸਮਝ ਆ ਜਾਵੇਗਾ ਕਿ ਡਾਕਟਰ, ਦਲਿਤ, ਕਮਜ਼ੋਰ, ਘੱਟਗਿਣਤੀ, ਘੱਟ ਗਿਣਤੀ 'ਚ ਪੁਲਸ ਤੇ ਆਨੇ ਬਹਾਨੇ ਪੱਤਰਕਾਰਾਂ 'ਤੇ ਹਮਲੇ ਕਿਉਂ ਕਰ ਰਹੇ ਹਨ ਅਤੇ ਹਾਲ ਹੀ ਦੇ ਸਾਲਾਂ 'ਚ ਇਹ ਹਮਲੇ ਵਧੇ ਕਿਉਂ ਹਨ।

ਆਬਾਦੀ ਡੈਂਸਟੀ ਦੇ ਹਿਸਾਬ ਨਾਲ ਭਾਰਤ ਦੁਨੀਆ 'ਚ 31ਵੇਂ ਸਥਾਨ 'ਤੇ ਹੈ, ਲਿਹਾਜ਼ਾ ਮਨੁੱਖੀ ਵਿਕਾਸ ਸੂਚਕ ਅੰਕ 'ਚ ਅਜੇ 130ਵੇਂ ਸਥਾਨ 'ਤੇ ਰੀਂਗ ਰਿਹਾ ਹੈ। ਦੇਸ਼ ਦੇ 416 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਦੇ ਕੌਮੀ ਔਸਤ ਦੇ ਮੁਕਾਬਲੇ ਪੂਰੀ ਦੁਨੀਆ ਦੀ ਔਸਤ 57 ਹੈ, ਅਮਰੀਕਾ ਦੀ 34 ਅਤੇ ਆਸਟਰੇਲੀਆ ਦੀ ਸਿਰਫ 3.20 ਹੈ। ਸੂਬਿਆਂ 'ਚ ਬਹੁਤ ਜ਼ਿਆਦਾ ਆਬਾਦੀ ਘਣਤਾ ਵਾਲੇ ਤਿੰਨ ਸੂਬੇ ਹਨ-ਬਿਹਾਰ (1104), ਉਤਰ ਪ੍ਰਦੇਸ਼ (828) ਅਤੇ ਪੱਛਮੀ ਬੰਗਾਲ (1029)। ਸਾਧਨਾਂ ਦੀ ਬਹੁਤ ਜ਼ਿਆਦਾ ਘਾਟ, ਭ੍ਰਿਸ਼ਟਾਚਾਰ ਅਤੇ ਸਾਧਾਰਨ ਵਿਹਾਰਿਕ ਕਦਰਾਂ ਕੀਮਤਾਂ ਨੂੰ ਛੱਡੋ, ਸੈਂਕੜੇ ਸਾਲਾਂ ਤੋਂ ਪ੍ਰਚੱਲਿਤ ਕਾਨੂੰਨ ਤੋੜਨ ਨੂੰ ਸ਼ਕਤੀ ਅਤੇ ਪ੍ਰਭੂਤਾ ਦਾ ਪ੍ਰਤੀਕ ਮੰਨਣਾ ਇਸ ਸਮੱਸਿਆ ਦੀ ਜੜ੍ਹ ਹੈ। ਮੰਦੇ ਭਾਗੀਂ ਸਮਾਜ ਨੂੰ ਇਨ੍ਹਾਂ 'ਚੋਂ ਕਿਸੇ ਤੋਂ ਵੀ ਪ੍ਰਹੇਜ਼ ਨਹੀਂ ਹੈ। ਜੇ ਸਥਾਨਕ ਸਭਾ ਦੇ ਮੈਂਬਰ ਜਾਂ ਗ੍ਰਾਮ ਪ੍ਰਧਾਨ (ਸਰਪੰਚ) ਵੋਟ ਦੇਣ ਵਾਲੀ ਜਾਤ, ਸਮੂਹ ਜਾਂ ਮੁਹੱਲੇ ਨੂੰ ਆਪਣੇ ਹੀ ਚੋਣ ਖੇਤਰ ਦੇ ਹੋਰਨਾਂ ਮੁਹੱਲਿਆਂ ਦੇ ਮੁਕਾਬਲੇ ਤਿੰਨ ਘੰਟੇ ਜ਼ਿਆਦਾ ਪਾਣੀ ਦਿਵਾ ਦਿੰਦਾ ਹੈ ਜਾਂ ਸਰਕਾਰੀ ਗੋਦਾਮ 'ਚੋਂ ਕੁਝ ਘੱਟ ਬਲੈਕ ਦੇ ਪੈਸੇ ਦੇ ਕੇ ਖੁਰਾਕ ਦਿਵਾ ਦੇਵੇ ਤਾਂ ਉਨ੍ਹਾਂ ਨੂੰ ਇਤਰਾਜ਼ ਨਹੀਂ, ਚੰਗਾ ਲੱਗਦਾ ਹੈ। ਜੇ ਸਥਾਨਕ ਵਿਧਾਇਕ ਆਪਣੇ ਵੋਟਰ ਦੇ 14 ਸਾਲ ਦੇ ਬੇਟੇ ਨੂੰ, ਜੋ ਬਗੈਰ ਲਾਇਸੈਂਸ ਕਾਰ ਚਲਾਉਂਦੇ ਹੋਏ ਸੜਕ 'ਤੇ ਚੱਲ ਰਹੇ ਕਿਸੇ ਬੁੱਢੇ ਵਿਅਕਤੀ ਨੂੰ ਜ਼ਖਮੀ ਕਰਨ ਦੇ ਦੋਸ਼ 'ਚ ਫੜ ਕੇ ਥਾਣੇ ਲਿਆਂਦਾ ਗਿਆ ਹੈ, ਕੁਝ ਲੈ ਦੇ ਕੇ ਮਾਮਲਾ ਰਫਾ ਦਫਾ ਕਰਵਾ ਦਿੰਦਾ ਹੈ ਤਾਂ ਇਹ ਉਸ ਦੀ ਸ਼ਕਤੀ ਸੰਪੰਨਤਾ, ਪ੍ਰਭੁਤਵ ਜਾਂ ਸੰਕਟ ਦੇ ਸਮੇਂ ਨਾਲ ਖੜੇ ਹੋਣ ਦੀ ਯੋਗਤਾ ਮੰਨੀ ਜਾਵੇਗੀ ਤੇ ਪੂਰਾ ਇਲਾਕਾ ਉਸ ਨੂੰ ਵੋਟ ਦੇਵੇਗਾ। ਜੇ ਆਪਣੇ ਮੁਹੱਲੇ ਦੇ ਜ਼ਖਮੀ ਬਜ਼ੁਰਗ ਨੂੰ ਉਹ ਭਵਿੱਖ ਦਾ ਉਮੀਦਵਾਰ ਮਦਦ ਦੇ ਨਾਂ 'ਤੇ ਸਰਕਾਰੀ ਹਸਪਤਾਲ ਲੈ ਗਿਆ ਤੇ ਉਥੇ ਡਾਕਟਰ ਰੋਗੀਆਂ ਦੀ ਗਿਣਤੀ ਕਾਰਨ ਉਸ ਨੂੰ ਤੁਰੰਤ ਨਹੀਂ ਦੇਖ ਸਕਿਆ ਤਾਂ ਇਹ ਭਵਿੱਖੀ ਉਮੀਦਵਾਰ ਉਸ 'ਤੇ ਆਪਣੇ ਚਾਰ ਗੁਰਗਿਆਂ ਨਾਲ ਹਮਲਾ ਕਰ ਦੇਵੇਗਾ ਅਤੇ ਥੋੜ੍ਹੀ ਦੇਰ 'ਚ ਮੀਡੀਆ ਡਾਕਟਰਾਂ ਦੀ ਲਾਪਰਵਾਹੀ ਬਾਰੇ ਹਸਪਤਾਲ ਸਾਹਮਣੇ ਲਾਈਵ ਕਵਰੇਜ ਦਿੰਦਾ ਹੋਇਆ ਫੁੱਟ-ਫੁੱਟ ਕੇ ਰੋਵੇਗਾ, ਗੁੱਸਾ ਕਰੇਗਾ ਅਤੇ ਉਸ ਉਮੀਦਵਾਰ ਦੀ ਬਾਈਟ ਲਵੇਗਾ। ਫਾਇਦਾ ਦੋਹਰਾ, ਮੁਹੱਲੇ 'ਚ ਰੁਤਬੇ ਨਾਲ ਵੋਟ ਪੱਕੀ ਅਤੇ ਫਰੀ ਵਿੱਚ 'ਇਮੇਜ ਬਲਡਿੰਗ'।

ਸਾਡਾ ਪਰਜਾਤੰਤਰ ਪਿਛਲੇ ਦੌਰ 'ਚ ਸੜ੍ਹਾਂਦ ਦੀ ਆਖਰੀ ਹੱਦ 'ਤੇ ਪਹੁੰਚ ਗਿਆ ਹੈ। ਚੌਧਰ ਨਾਲ ਸਮਾਜਿਕ ਪਛਾਣ ਅਤੇ ਸਵੀਕਾਰਤਾ ਰਾਜਨੀਤੀ ਦੀ ਫੈਕਟਰੀ 'ਚ ਲੱਗੇ ਲੋਕਾਂ ਦਾ ਪ੍ਰੋਫੈਸ਼ਨਲ ਸਕਿੱਲ ਬਣ ਚੁੱਕੀ ਹੈ। ਕਦੇ ਏਮਜ਼ ਜਾਂ ਕੇ ਦੇਖੋ ਤਾਂ 90 ਫੀਸਦੀ ਮਰੀਜ਼ ਅਤੇ ਉਨ੍ਹਾਂ ਦੇ ਰਿਸ਼ਤੇਦਾਰ ਬਿਹਾਰ ਦੇ ਹੁੰਦੇ ਹਨ। ਇਹ ਸਥਾਨਕ ਵਿਧਾਇਕ/ਮੁਖੀ ਤੋਂ ਚਿੱਠੀ ਲਿਖਵਾ ਕੇ ਜਾਂ ਫੋਨ ਕਰਵਾ ਕੇ ਸੰਸਦ ਮੈਂਬਰ ਦੇ ਘਰ ਆਉਂਦੇ ਹਨ ਅਤੇ ਫਿਰ ਸਿਫਾਰਸ਼ 'ਤੇ ਹਸਪਤਾਲ 'ਚ ਇਲਾਜ ਲਈ ਦਬਾਅ ਪੁਆਉਂਦੇ ਹਨ। ਜੇ ਸੰਸਦ ਮੈਂਬਰ ਬਾਹੂਬਲੀ ਵੀ ਹੈ ਤਾਂ ਡਾਕਟਰ ਦੀ ਖੈਰ ਨਹੀਂ ਕਿਉਂਕਿ ਉਹ ਬਿਹਾਰ 'ਚ ਇਹ ਸਭ ਆਸਾਨੀ ਨਾਲ ਕਰਕੇ ਬਚ ਜਾਂਦੇ ਹਨ।

ਅਖੀਰ ਇਨ੍ਹਾਂ ਦਲਾਲਨੁਮਾ ਉਭਰਦੇ ਨੇਤਾਵਾਂ ਦਾ ਧੰਦਾ ਕਿਉਂ ਚੱਲਦਾ ਹੈ? ਇਸ ਦਾ ਕਾਰਨ ਸਾਧਨਾਂ 'ਤੇ ਦਬਾਅ, ਲੋਕਾਂ ਦਾ ਸਿਸਟਮ 'ਤੇ ਵਿਸ਼ਵਾਸ ਘੱਟ, ਦਬਾਅ ਪੈਦਾ ਕਰਨ 'ਤੇ ਵੱਧ ਹੋਣਾ ਹੈ। ਕੋਲਕਾਤਾ ਦੇ ਐਨ ਆਰ ਐਸ ਹਸਪਤਾਲ 'ਚ ਜਾਂ ਹਾਲ ਹੀ ਵਿੱਚ ਦਿੱਲੀ ਦੇ ਏਮਜ਼ ਵਿੱਚ ਆਖਰ ਮਰੀਜ਼ ਦੇ ਪਰਵਾਰਕ ਮੈਂਬਰਾਂ ਨੂੰ ਡਾਕਟਰਾਂ ਦੀ ਪ੍ਰੋਫੈਸ਼ਨਲ ਨਿਸ਼ਠਾ 'ਤੇ ਜੇ ਸ਼ੱਕ ਹੈ ਵੀ ਤਾਂ ਕੀ ਹਮਲਾ ਇਸ ਦਾ ਇਲਾਜ ਹੈ? ਜੇ ਇਸ ਦੇ ਸਮਾਜਿਕ ਮਨੋਵਿ-ਗਿਆਨ 'ਤੇ ਜਾਵਾਂਗੇ ਤਾਂ ਪਤਾ ਲੱਗੇਗਾ ਕਿ ਜੋ ਭਾਵ ਹਾਈਵੇ 'ਤੇ ਟਰੱਕਾਂ ਨੂੰ ਰੋਕ ਕੇ ਗਊਆਂ ਮਿਲਣ 'ਤੇ ਕਿਸੇ ਪਹਿਲੂ ਖਾਨ ਨੂੰ ਮਾਰਨ 'ਚ ਹੁੰਦਾ ਹੈ ਜਾਂ ਜੋ ਭਾਵ ਕਿਸੇ ਬਾਹੂਬਲੀ ਜਾਂ ਜਾਤੀਵਾਦੀ ਨੇਤਾ ਦੀ ਪਾਰਟੀ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਉਸ ਵਰਗ ਦਾ ਹੁੰਦਾ ਹੈ, ਜੋ ਪਾਰਟੀ ਦਾ ਝੰਡਾ ਲਾ ਕੇ ਕਿਸੇ ਔਰਤ ਨੂੰ ਰਾਹ 'ਚੋਂ ਚੁਕਵਾ ਦਿੰਦਾ ਹੈ, ਉਹੀ ਡਾਕਟਰ ਨੂੰ ਹਸਪਤਾਲ 'ਚ ਕੁੱਟਣ ਦੇ ਪਿੱਛੇ ਵੀ ਹੁੰਦਾ ਹੈ। ਜੇ ਸੂਬੇ ਦੇ ਮੁੱਖ ਮੰਤਰੀ ਨੂੰ ਚੌਰਾਹੇ 'ਚ ਗਾਲ੍ਹ ਕੱਢਣ ਵਾਲੇ ਯਾਦਵ ਸਿਪਾਹੀ ਨੂੰ ਲਾਲੂ ਯਾਦਵ ਜਾਂ ਅਖਿਲੇਸ਼ ਅਗਲੀਆਂ ਚੋਣਾਂ 'ਚ ਟਿਕਟ ਦੇਣ ਲਈ ਢੁੱਕਵਾਂ ਸਮਝਦੇ ਹਨ ਤਾਂ ਬਹੁਤ ਸਾਰੇ ਅਜਿਹੇ ਸਿਪਾਹੀ ਗਾਲ੍ਹ ਕੱਢ ਕੇ ਸਸਪੈਂਡ ਹੋਣ ਲਈ ਤਿਆਰ ਹੋ ਜਾਣਗੇ। ਘੱਟ ਗਿਣਤੀਆਂ ਨੂੰ ਸ਼ਰੇਆਮ ਧਮਕੀ ਦੇਣ ਵਾਲੇ ਨੂੰ ਜੇ ਭਾਰਤੀ ਜਨਤਾ ਪਾਰਟੀ ਟਿਕਟ ਦੇਵੇਗੀ ਤਾਂ ਸਮਾਜ ਦਾ ਵੱਡਾ ਤਬਕਾ ਅਜਿਹੀਆਂ ਹਰਕਤਾਂ ਕਰੇਗਾ। ਮੁਜ਼ੱਫਰਨਗਰ ਦੰਗਿਆਂ ਦੇ ਮੁੱਖ ਦੋਸ਼ੀ 'ਚ ਭਾਰਤੀ ਜਨਤਾ ਪਾਰਟੀ ਨੂੰ ਉਹੀ ਟੈਲੇਂਟ ਦਿਸਿਆ। ਦੰਗਿਆਂ ਵਿੱਚ ਨਾਂ ਆਉਣਾ ਕੀ ਸੀ, ਸਾਰੇ ਹਿੰਦੂ ਸੰਗਠਨਾਂ ਨੇ ਇਸ ਵਿਅਕਤੀ ਨੂੰ ਹਿੰਦੂ ਹਿਰਦੇ ਸਮਰਾਟ ਦੀ ਪਦਵੀ ਨਾਲ ਨਿਵਾਜ ਦਿੱਤਾ ਅਤੇ ਭਾਜਪਾ ਨੇ ਟਿਕਟ ਦੇ ਕੇ। ਵਿਧਾਇਕ ਹੋਣ 'ਤੇ ਇਸ ਨੇਤਾ ਨੇ ਮੁਜ਼ੱਫਰਨਗਰ ਦਾ ਨਾਂ ਲਕਸ਼ਮੀ ਨਗਰ ਰੱਖਣ ਦੀ ਮੰਗ ਕੀਤੀ। ਵਿਧਾਇਕ ਬਣ ਕੇ ਉਹ ਜ਼ੈਡ ਪਲੱਸ ਸਕਿਓਰਿਟੀ ਲੈ ਕੇ ਕਿਤੇ ਜਾਂਦਾ ਹੈ ਤਾਂ ਸਾਰੇ ਬੇਰੋਜ਼ਗਾਰੀ ਦੇ ਮਾਰੇ ਨੌਜਵਾਨਾਂ ਨੂੰ ਸਨਮਾਨ ਨਾਲ ਜਿਊਣ ਦਾ ਨਵਾਂ ਮੰਤਰ ਮਿਲ ਜਾਂਦਾ ਹੈ।

ਰਾਜਨੀਤੀ ਦੀ ਫੈਕਟਰੀ 'ਚ ਵੈਰ ਭਾਵ ਅਤੇ ਚੌਧਰਪੁਣੇ ਦੀ ਫਸਲ ਵਧ ਰਹੀ ਹੈ। ਇਹ ਗਲਤੀ ਨਾ ਤਾਂ ਸਿਰਫ ਸਿਆਸੀ ਦਲਾਂ ਦੇ ਨੇਤਾ ਦੀ ਹੈ, ਨਾ ਨੇਤਾਵਾਂ ਦੀ ਨਵੀਂ ਪਨੀਰੀ ਦੀ, ਜੋ ਡਾਕਟਰ ਦੀ ਕੁੱਟਮਾਰ ਕਰਕੇ ਜਾਂ ਪੁਲਸ ਵਾਲੇ ਨੂੰ ਸੱਤਾ ਦੇ ਨਾਂ 'ਤੇ ਡਰਾ ਕੇ ਜਾਂ ਭ੍ਰਿਸ਼ਟਾਚਾਰੀ ਸਮਝੌਤਾ ਕਰਕੇ ਸਮਾਜ ਵਿੱਚ 'ਰੌਬਿਨ ਹੁੱਡ' ਵਰਗੀ ਇਮੇਜ ਬਣਾਉਂਦੇ ਹੈ। ਸਮੱਸਿਆ ਉਸ ਆਮ ਸੋਚ ਦੀ ਹੈ, ਜਿਸ ਵਿੱਚ ਆਪਣੇ ਬੇਟੇ ਨੂੰ ਬਿਨਾਂ ਲਾਇਸੈਂਸ ਗੱਡੀ ਚਲਾ ਕੇ ਐਕਸੀਡੈਂਟ ਕਰਨ ਤੋਂ ਬਾਅਦ ਵੀ ਥਾਣੇ 'ਚੋਂ ਕੁਝ ਲੈ ਦੇ ਕੇ ਛੁਡਵਾ ਦੇਣ ਵਾਲੇ ਛੁਟਭਈਏ 'ਨੇਤਾ ਦਲਾਲ' ਨੂੰ ਵੀ ਮਾਨਤਾ ਦਿੰਦਾ ਹੈ ਅਤੇ ਫਿਰ ਵੋਟ ਵੀ। ਜਦੋਂ ਤੱਕ ਇਹ ਭਾਵ ਸਮਾਜ ਦਾ ਰਹੇਗਾ, ਰਾਜਨੀਤੀ ਦੀ ਫੈਕਟਰੀ 'ਚੋਂ ਇਹੀ ਮਾਲ ਨਿਕਲੇਗਾ ਅਤੇ ਡਾਕਟਰ ਮਾਰ ਖਾਂਦਾ ਰਹੇਗਾ ਅਤੇ ਚੌਧਰੀ ਪਰਜਾਤੰਤਰ ਦੇ ਮੰਦਰ ਨੂੰ ਅਪਵਿੱਤਰ ਕਰਦੇ ਰਹਿਣਗੇ।

2019

ਦੁਖ ਭੰਜਨੁ ਤੇਰਾ ਨਾਮੁ ਮਿਸ਼ਨ,ਕਨੇਡਾ

ਦੁਖ ਰੋਗ ਨਿਵਾਰਨ ਕੈਂਪ

A CHARITABLE CANADIAN ORGANIZATION

ਜੁੱਗੋ ਜੁੱਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਖਸ਼ਿਸ਼ਾਂ ਭਰੀ ਪਵਿੱਤਰ ਹਜੂਰੀ ਅੰਦਰ ਸੰਗਤੀ ਰੂਪ ਵਿੱਚ ਅਨੇਕਾਂ ਵੀਰ-ਭੈਣ ਗੁਰਬਾਣੀ ਵਿੱਚ ਦੱਸੀ ਵਿਧੀ ਮੁਤਾਬਕ ਗੁਰਬਾਣੀ ਗਾਉਣ, ਸੁਣਨ ਅਤੇ ਭਾਣੇ ਤੇ ਭਰੋਸੇ ਨੂੰ ਸਮਝ ਕੇ ਮਨ ਵਿੱਚ ਵਸਾਉਣ ਨਾਲ ਪਹਿਲਾਂ ਲੱਗੇ ਕੈਂਪਾਂ ਵਿੱਚ ਅਪਣੇ ਦੁੱਖਾਂ, ਰੋਗਾਂ ਤੋਂ ਛੁਟਕਾਰਾ ਪਾ ਚੁਕੇ ਹਨ ।

ਆਓ! ਹੇਠਾਂ ਦੱਸੇ ਅਨੁਸਾਰ ਲੱਗਣ ਜਾ ਰਹੇ ਕੈਂਪਾਂ ਰਾਹੀਂ ਅਪਣੇ ਦੁੱਖਾਂ, ਰੋਗਾਂ ਅਤੇ ਵਿਘਨਾਂ ਤੋਂ ਛੁਟਕਾਰਾ ਪਾਈਏ।

ਨੋਟ: ਦੁਖ ਭੰਜਨੁ ਤੇਰਾ ਨਾਮੁ ਮਿਸ਼ਨ ਮੈਡੀਕਲ ਸਾਇੰਸ ਤੋਂ ਮਿਲਣ ਵਾਲੀ ਵਡਮੁੱਲੀ ਮੱਦਦ ਦਾ ਵਿਰੋਧੀ ਨਹੀਂ ਅਤੇ ਨਾ ਹੀ ਦੁਆਈ ਛੱਡਣ ਜਾਂ ਘਟਾਉਣ ਦੀ ਸਲਾਹ ਦਿੰਦਾ ਹੈ । ਮਿਸ਼ਨ ਵਲੋਂ ਸੰਗਤਾਂ ਨੂੰ ਬੇਨਤੀ ਹੈ ਕਿ ਦੁਆਈ ਸਬੰਧੀ ਕੋਈ ਵੀ ਫੈਸਲਾ ਕੇਵਲ ਆਪਣੇ ਡਾਕਟਰ ਦੀ ਸਲਾਹ ਨਾਲ ਹੀ ਕਰੋ ਜੀ ।

**Malton Gurdwara Sahib**
29 June to 2 July (Saturday to Tuesday): 1:00 PM to 6:40PM

**Nanaksar Gurdwara Sahib**
Gore Rd, Brampton
7 July to 11 July (Sunday to Thursday): 1:00PM to 7:00PM

**GURDWARA SINGH SABHA, EDMONTON**
19 July to 23 July(Friday to Tuesday): 12:00PM to 6:30PM

www.DukhBhanjanTeraNaam.com

905-230-5977 • 905-781-2020 647-537-8246 • 416-662-3228



# ਯੂ ਪੀ ਵਿੱਚ ਇੱਕ ਹਫਤੇ ਵਿੱਚ 29 ਮੁਕਾਬਲੇ, 40 ਗ੍ਰਿਫ਼ਤਾਰ ਅਤੇ 24 ਜ਼ਖਮੀ

ਲਖਨਊ, 27 ਜੂਨ (ਪੋਸਟ ਬਿਊਰੋ)- ਉਤਰ ਪ੍ਰਦੇਸ਼ ਵਿੱਚ ਕਾਨੂੰਨ ਵਿਵਸਥਾ 'ਤੇ ਲਗਾਤਾਰ ਉਠਦੇ ਸਵਾਲਾਂ ਦੇ ਦੌਰਾਨ ਪੁਲਸ ਨੇ ਇੱਕ ਵਾਰ ਫਿਰ ਅਪਰਾਧੀਆਂ 'ਤੇ ਨਕੇਲ ਕੱਸਣ ਲਈ ਝਟਾਪਟ ਮੁਕਾ-ਬਲੇ ਸ਼ੁਰੂ ਕਰ ਦਿੱਤੇ ਹਨ।



ਮਿਲੀ ਜਾਣਕਾਰੀ ਅਨੁਸਾਰ ਯੂ ਪੀ ਵਿੱਚ ਪਿਛਲੇ ਇੱਕ ਹਫਤੇ ਵਿੱਚ 29 ਮੁਕਾਬਲੇ ਹੋਏ ਹਨ, ਜਿਸ ਵਿੱਚ ਚਾਲੀ ਲੋਕ ਗ੍ਰਿਫਤਾਰ ਕੀਤੇ ਗਏ ਹਨ। ਉਥੇ ਇੱਕ ਲੱਖ ਦਾ ਇਨਾਮੀ ਬਦਮਾਸ਼ ਵੀ ਮਾਰਿਆ ਗਿਆ ਹੈ। ਇਸ ਦੇ ਇਲਾਵਾ 24 ਬਦਮਾਸ਼ ਜ਼ਖਮੀ ਹੋਏ ਹਨ। ਮੁਕਾਬਲਿਆਂ ਦੇ ਦੌਰਾਨ ਚਾਰ ਪੁਲਸ ਮੁਲਾਜ਼ਮ ਵੀ ਜ਼ਖਮੀ ਹੋਏ ਹਨ। ਅੰਕੜਿਆਂ ਮੁਤਾਬਕ ਪਿਛਲੇ 24 ਘੰਟਿਆਂ ਵਿੱਚ ਹੀ ਸੱਤ ਐਨਕਾਊਂਟਰ ਯੂ ਪੀ ਪੁਲਸ ਨੇ ਕਰ ਦਿੱਤੇ ਹਨ। ਬੀਤੇ ਦਿਨੀਂ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਵਿਗੜਦੀ ਕਾਨੂੰਨ ਵਿਵਸਥਾ 'ਤੇ ਪੁਲਸ ਅਧਿਕਾਰੀਆਂ ਦੀ ਕਈ ਵਾਰ ਖਿਚਾਈ ਕੀਤੀ। ਇਥੋਂ ਤੱਕ ਕਿ ਯੋਗੀ ਨੇ ਨਿਕੰਮੇ ਅਤੇ ਨਕਾਰਾ ਅਧਿਕਾਰੀਆਂ ਨੂੰ ਜਬਰੀ ਰਿਟਾਇਰਮੈਂਟ ਦੇਣ ਦੀ ਵੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸ ਸਖਤੀ ਦੀ ਨਤੀਜਾ ਇਹ ਹੈ ਕਿ 24 ਘੰਟਿਆਂ ਵਿੱਚ ਯੂ ਪੀ ਪੁਲਸ ਨੇ ਸੱਤ ਥਾਵਾਂ 'ਤੇ ਖਤਰਨਾਕ ਅਪਰਾਧੀਆਂ ਦੀ ਧਰਪਕੜ ਦੀ ਮੁਹਿੰਮ ਚਲਾਈ। ਇਸ ਵਿੱਚ ਬਦਮਾਸ਼ਾਂ ਤੇ ਪੁਲਸ ਵਿਚਾਲੇ ਗੋਲੀਬਾਰੀ ਹੋਈ, ਜਿਸ ਵਿੱਚ ਇੱਕ ਅਪਰਾਧੀ ਮਾਰਿਆ ਗਿਆ ਤੇ ਛੇ ਹਿਸਟ੍ਰੀਸ਼ੀਟਰ ਗ੍ਰਿਫਤਾਰ ਹੋਏ ਹਨ। ਮੁਜ਼ੱਫਰਨਗਰ ਜ਼ਿਲ੍ਹੇ ਵਿੱਚ ਸੋਮਵਾਰ ਦੇਰ ਰਾਤ ਚੱਲੇ ਐਨਕਾਊਂਟਰ ਵਿੱਚ ਪੁਲਸ ਨੇ ਇੱਕ ਲੱਖ ਰੁਪਏ ਦੇ ਇਨਾਮੀ ਬਦਮਾਸ਼ ਨੂੰ ਮਾਰ ਦਿੱਤਾ ਅਤੇ ਜ਼ਿਲ੍ਹੇ ਵਿੱਚ ਹੋਏ ਤਿੰਨ ਹੋਰ ਮੁਕਾਬਲਿਆਂ ਦੌਰਾਨ ਤਿੰਨ ਬਦਮਾਸ਼ ਜ਼ਖਮੀ ਹੋ ਗਏ। ਇਸ ਦੇ ਇਲਾਵਾ ਗੋਰਖਪੁਰ, ਕਾਨਪੁਰ ਅਤੇ ਸਹਾਰਨਪੁਰ ਜ਼ਿਲ੍ਹਿਆਂ ਵਿੱਚ ਵੀ ਇਸ ਤਰ੍ਹਾਂ ਦੇ ਆਪਰੇਸ਼ਨ ਕੀਤੇ ਗਏ। ਅਪਰਾਧੀ ਆਦੇਸ਼ ਬਲਿਆਨ ਮੁਜ਼ੱਫਰਨਗਰ ਤੇ ਬਾਗਪਤ ਸਮੇਤ ਕਈ ਜ਼ਿਲ੍ਹਿਆਂ ਸਮੇਤ ਤੀਹ ਤੋਂ ਵੱਧ ਮਾਮਲਿਆਂ ਵਿੱਚ ਸ਼ਾਮਲ ਸੀ। ਪੁਲਸ ਲੰਬੇ ਸਮੇਂ ਤੋਂ ਉਸ ਦੀ ਤਲਾਸ਼ ਕਰ ਰਹੀ ਸੀ। ਉਸ 'ਤੇ ਇੱਕ ਲੱਖ ਰੁਪਏ ਦਾ ਇਨਾਮ ਵੀ ਸੀ। ਇਲਾਕੇ ਵਿੱਚ ਉਸ ਦੀ ਮੌਜੂਦਗੀ ਦੀ ਜਾਣਕਾਰੀ ਮਿਲਣ 'ਤੇ ਪੁਲਸ ਅਤੇ ਟੀ ਐੱਸ ਆਫ ਦੀਆਂ ਸਾਂਝੀਆਂ ਟੀਮਾਂ ਨੇ ਉਸ ਨੂੰ ਢੇਰ ਕਰ ਦਿੱਤਾ। ਉਨ੍ਹਾਂ ਨੇ ਕਿਹਾ ਕਿ ਆਦੇਸ਼ ਬਲਿਆਨ ਦੇ ਕਬਜ਼ੇ 'ਚੋਂ ਪਿਸਤੌਲ ਬਰਾਮਦ ਹੋਈ ਹੈ।

# ਭਾਜਪਾ ਆਗੂ ਵਿਜੇਵਰਗੀ ਦੇ ਵਿਧਾਇਕ ਪੁੱਤਰ ਨੇ ਨਗਰ ਨਿਗਮ ਅਧਿਕਾਰੀ ਕੁੱਟੇ

ਇੰਦੌਰ, 27 ਜੂਨ (ਪੋਸਟ ਬਿਊਰੋ)- ਪੁਰਾਣੇ ਮਕਾਨਾਂ ਨੂੰ ਢਾਹੁਣ ਗਈ ਇੰਦੌਰ ਨਗਰ ਨਿਗਮ ਦੀ ਟੀਮ ਦੇ ਨਾਲ ਵਿਵਾਦ ਵਿੱਚ ਕੱਲ੍ਹ ਭਾਜਪਾ ਦੇ ਸਥਾਨਕ ਵਿਧਾਇਕ ਆਕਾਸ਼ ਵਿਜੇਵਰਗੀ ਨੇ ਇੱਕ ਅਧਿਕਾਰੀ ਨੂੰ ਬੱਲੇ ਨਾਲ ਕੁੱਟ ਦਿੱਤਾ। ਪੁਲਸ ਨੇ ਉਸ ਨੂੰ ਗੁੰਡਾਗਰਦੀ ਦੇ ਦੋਸ਼ਾਂ ਹੇਠ ਗ੍ਰਿਫਤਾਰ ਕਰ ਲਿਆ ਹੈ। ਅਦਾਲਤ ਨੇ ਵਿਧਾਇਕ ਦੀ ਜ਼ਮਾਨਤ ਅਰਜ਼ੀ ਰੱਦ ਕਰਦਿਆਂ ਉਸ ਨੂੰ ਜੇਲ੍ਹ ਭੇਜ ਦਿੱਤਾ ਹੈ। ਆਕਾਸ਼ ਵਿਜੇਵਰਗੀ ਭਾਜਪਾ ਦੇ ਕੌਮੀ ਜਨਰਲ ਸਕੱਤਰ ਕੈਲਾਸ਼ ਵਿਜੇਵਰਗੀ ਦਾ ਪੁੱਤਰ ਹੈ। ਮੌਕੇ ਉੱਤੇ ਮੌਜੂਦ ਲੋਕਾਂ ਨੇ ਦੱਸਿਆ ਕਿ ਨਗਰ ਨਿਗਮ ਦੀ ਟੀਮ ਗੰਜੀ ਕੰਪਾਊਡ ਇਲਾਕੇ ਵਿੱਚ ਪੁਰਾਣੇ ਮਕਾਨਾਂ ਨੂੰ ਢਾਹੁਣ ਲਈ ਪੁੱਜੀ ਸੀ। ਉਥੇ ਰਹਿ ਰਹੇ ਲੋਕਾਂ ਨੇ ਇਸ ਦਾ ਵਿਰੋਧ ਸ਼ੁਰੂ ਕਰ ਦਿੱਤਾ। ਇਸ ਦੌਰਾਨ ਭਾਜਪਾ ਵਿਧਾਇਕ ਆਕਾਸ਼ ਉਥੇ ਪਹੁੰਚ ਗਿਆ। ਉਨ੍ਹਾਂ ਦੱਸਿਆ ਕਿ ਭਾਰੀ ਹੰਗਾਮੇ ਦੌਰਾਨ ਵਿਕਾਸ ਵਿਜੇਵਰਗੀ ਦੇ



ਸਮਰਥਕਾਂ ਨੇ ਨਗਰ ਨਿਗਮ ਟੀਮ ਵੱਲੋਂ ਲਿਆਂਦੀ ਗਈ ਜੇ ਸੀ ਬੀ ਮਸ਼ੀਨ ਦੀ ਚਾਬੀ ਕੱਢ ਲਈ। ਫਿਰ ਭਾਜਪਾ ਵਿਧਾਇਕ ਕ੍ਰਿਕਟ ਦਾ ਬੱਲਾ ਲੈ ਕੇ ਆਇਆ ਅਤੇ ਮੋਬਾਈਲ ਫੋਨ ਉਤੇ ਗੱਲ ਕਰ ਰਹੇ ਨਿਗਮ ਅਧਿਕਾਰੀ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਭਾਜਪਾ ਵਿਧਾਇਕ ਦੇ ਸਮੱਰਥਕਾਂ ਨੇ ਵੀ ਉਸ ਨਾਲ ਕੁੱਟਮਾਰ ਕੀਤੀ ਅਤੇ ਗਾਲ੍ਹਾਂ ਕੱਢੀਆਂ। ਨਗਰ ਨਿਗਮ ਦੇ ਮੁਲਾਜ਼ਮਾਂ ਨੇ ਕੰਮ ਠੱਪ ਕਰ ਕੇ ਵਿਰੋਧ ਪ੍ਰਦਰਸ਼ਨ ਕੀਤਾ।

ਭਾਜਪਾ ਵਿਧਾਇਕ ਆਕਾਸ਼ ਵਿਜੇਵਰਗੀ ਨੇ ਅਧਿਕਾਰੀ ਨੂੰ ਬੱਲੇ ਨਾਲ ਕੁੱਟਣ ਨੂੰ ਜਾਇਜ਼ ਠਹਿਰਾਉਂਦਿਆਂ ਕਿਹਾ ਕਿ ਭਾਜਪਾ ਵਿੱਚ ਉਨ੍ਹਾਂ ਨੂੰ ਸਿਖਾਇਆ ਜਾਂਦਾ ਹੈ ਕਿ 'ਪਹਿਲਾਂ ਆਵੇਦਨ, ਫਿਰ ਨਿਵੇਦਨ ਔਰ ਫਿਰ ਦਨਾਦਨ।' ਉਸ ਨੇ ਦੋਸ਼ ਲਾਇਆ ਕਿ ਇਹ ਅਧਿਕਾਰੀਆਂ ਦੀ ਸਾਜ਼ਿਸ਼ ਹੈ ਕਿਉਂਕਿ ਉਹ ਮਕਾਨ ਢਾਹ ਕੇ ਹਾਕਮ ਕਾਂਗਰਸ ਦੇ ਆਗੂਆਂ ਨੂੰ ਜ਼ਮੀਨ ਦਾ ਕਬਜ਼ਾ ਦਿਵਾਉਣਾ ਚਾਹੁੰਦੇ ਹਨ। ਕਾਂਗਰਸ ਦੇ ਬੁਲਾਰੇ ਨਿਲਾਭ ਸ਼ੁਕਲਾ ਨੇ ਕਿਹਾ ਕਿ ਵਿਧਾਇਕ ਵੱਲੋਂ ਕਾਨੂੰਨ ਆਪਣੇ ਹੱਥਾਂ 'ਚ ਲੈਣ ਨਾਲ ਭਾਜਪਾ ਦਾ ਅਸਲ ਚਿਹਰਾ ਨੰਗਾ ਹੋ ਗਿਆ ਹੈ।

## ਗ੍ਰਿਹ ਵਿਭਾਗ ਨੂੰ ਪੈਰੋਲ ਦੇ ਦੌਰਾਨ ਡੇਰਾ ਸਿਰਸਾ ਮੁਖੀ ਦੇ ਵਿਦੇਸ਼ ਭੱਜਣ ਦਾ ਖਦਸ਼ਾ

ਚੰਡੀਗੜ੍ਹ, 27 ਜੂਨ (ਪੋਸਟ ਬਿਊਰੋ)- ਹਰਿਆਣਾ ਵਿੱਚ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਭਾਜਪਾ ਦੀ ਜਿੱਤ ਵਿੱਚ ਸਹਾਇਕ ਬਣੇ ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਦੀ ਪੈਰੋਲ 'ਤੇ ਵਿਵਾਦ ਦੀ ਸਥਿਤੀ ਬਣ ਗਈ ਹੈ।

ਅਗਲੀਆਂ ਵਿਧਾਨ ਸਭਾ ਚੋਣਾਂ ਸਿਰ 'ਤੇ ਹਨ। ਭਾਜਪਾ ਸਰਕਾਰ ਦੇ ਜ਼ਿਆਦਾ ਮੰਤਰੀ ਚਾਹੁੰਦੇ ਹਨ ਕਿ ਡੇਰਾ ਮੁਖੀ ਨੂੰ ਪੈਰੋਲ ਮਿਲ ਜਾਵੇ। ਸਿਆਸੀ ਲਾਭ ਲਈ ਉਹ ਪੈਰੋਲ ਦੀ ਪੈਰਵੀ ਕਰ ਰਹੇ ਹਨ, ਪਰ ਸਰਕਾਰ ਦੀ ਵੱਡੀ ਦਿੱਕਤ ਇਹ ਹੈ ਕਿ ਜੇ ਬਾਬਾ ਦੁਬਾਰਾ ਜੇਲ੍ਹ ਨਾ ਗਿਆ ਤਾਂ ਉਸ ਨੂੰ ਲੱਭਣ ਵਿੱਚ ਪਸੀਨ ਛੁਟ ਜਾਣਗੇ।

ਗ੍ਰਿਹ ਵਿਭਾਗ ਦੇ ਅਧਿਕਾਰੀਆਂ ਨੂੰ ਖਦਸ਼ਾ ਹੈ ਕਿ ਪੈਰੋਲ ਦੇ ਬਾਅਦ ਬਾਬਾ ਵਿਦੇਸ਼ ਵੀ ਭੱਜ ਸਕਦਾ ਹੈ। ਫਿਰ ਉਸ ਨੂੰ ਕਿਸ ਤਰ੍ਹਾਂ ਵਾਪਸ ਲਿਆਂਦਾ ਜਾਵੇਗਾ। ਸਾਧਵੀਆਂ ਨਾਲ ਬਲਾਤਕਾਰ ਦੇ ਕੇਸ ਵਿੱਚ ਰੋਹਤਕ ਦੀ ਸੁਨਾਰੀਆ ਜੇਲ੍ਹ ਵਿੱਚ ਬੰਦ ਗੁਰਮੀਤ ਰਾਮ ਰਹੀਮ ਇੱਕ ਸਾਲ ਦੀ ਸਜ਼ਾ ਪੂਰੀ ਕਰ ਚੁੱਕਾ ਹੈ। ਕਾਨੂੰਨਨ ਉਹ ਪੈਰੋਲ ਹਾਸਲ ਕਰਨ ਦਾ ਹੱਕਦਾਰ ਹੈ। ਇਸ ਲਈ ਉਸ ਨੂੰ ਜੇਲ੍ਹ ਪ੍ਰਸ਼ਾਸਨ ਕੋਲ ਅਰਜ਼ੀ ਦਿੱਤੀ ਹੈ। ਰੋਹਤਕ ਦੇ ਡਿਪਟੀ ਕਮਿਸ਼ਨਰ ਨੇ ਐੱਸ ਪੀ ਤੋਂ ਰਿਪੋਰਟ ਮੰਗੀ ਤਾਂ ਪਤਾ ਲੱਗਾ ਕਿ ਜਿਸ ਖੇਤੀ ਕਰਨ ਲਈ ਬਾਬਾ ਨੇ ਪੈਰੋਲ ਮੰਗੀ, ਉਸ ਲਈ ਜ਼ਮੀਨ ਹੀ ਨਹੀਂ। ਬਾਬੇ ਦੀ ਪੈਰੋਲ ਦਾ ਆਧਾਰ ਵਾਜ਼ਿਬ ਨਾ ਹੋਣ ਦੀ ਗੱਲ ਕਹਿ ਕੇ ਅਰਜ਼ੀ ਵਾਪਸ ਕੀਤੀ ਜਾ ਸਕਦੀ ਹੈ, ਪਰ ਭਾਜਪਾ ਸਰਕਾਰ ਦੇ ਜ਼ਿਆਦਾ ਮੰਤਰੀ ਬਾਬਾ ਦੇ ਹਮਾਇਤੀਆਂ ਨੂੰ ਇਹ ਸੰਦੇਸ਼ ਦੇਣਾ ਚਾਹੁੰਦੇ ਹਨ ਕਿ ਉਹ ਪੈਰੋਲ ਦਿੱਤੇ ਜਾਣ ਦੇ ਹੱਕ ਵਿੱਚ ਹਨ। ਸਿਹਤ ਮੰਤਰੀ ਅਨਿਲ ਵਿੱਜ, ਟਰਾਂਸਪੋਰਟ ਮੰਤਰੀ ਕ੍ਰਿਸ਼ਨ ਲਾਲ ਪਵਾਰ ਤੇ ਰਾਜ ਮੰਤਰੀ ਕ੍ਰਿਸ਼ਨ ਕੁਮਾਰ ਬੇਦੀ ਦਾ ਕਹਿਣਾ ਹੈ ਕਿ ਜੇ ਨਿਯਮ ਪੂਰੇ ਹਨ ਤਾਂ ਬਾਬੇ ਨੂੰ ਪੈਰੋਲ ਦੇਣੀ ਚਾਹੀਦੀ ਹੈ। ਇਨੈਲੋ ਦੇ ਕੌਮੀ ਸੀਨੀਅਰ ਮੀਤ ਪ੍ਰਧਾਨ ਅਸ਼ੋਕ ਅਰੋੜਾ ਨੇ ਵੀ ਬਾਬਾ ਦੀ ਪੈਰੋਲ ਦੀ ਪੈਰਵੀ ਕੀਤੀ ਹੈ। ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦਾ ਕਹਿਣਾ ਹੈ ਕਿ ਪੈਰੋਲ ਦਾ ਹੱਕ ਸਾਰਿਆਂ ਦਾ ਹੈ ਤੇ ਮਿਲਣੀ ਵੀ ਚਾਹੀਦੀ ਹੈ, ਪਰ ਬਾਬਾ ਦੀ ਪੈਰੋਲ 'ਤੇ ਅਦਾਲਤ ਤੇ ਸਰਕਾਰ ਦੋਵਾਂ ਦੀ ਨਜ਼ਰ ਹੈ।

## ਅਗਸਤਾ ਹੈਲੀਕਾਪਟਰ ਕੇਸ ਦੇ ਦੋਸ਼ੀ ਰਾਜੀਵ ਸਕਸੈਨਾ ਦੇ ਵਿਦੇਸ਼ ਜਾਣ ਉੱਤੇ ਰੋਕ

ਨਵੀਂ ਦਿੱਲੀ, 27 ਜੂਨ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਅਗਸਤਾ ਵੈਸਟਲੈਂਡ ਹੈਲੀਕਾਪਟਰ ਸੌਦੇ ਨਾਲ ਜੁੜੇ ਕਾਲੇ ਧਨ ਨੂੰ ਸਫੈਦ ਬਣਾਉਣ ਦੇ ਕੇਸ 'ਚ ਸਰਕਾਰੀ ਗਵਾਹ ਰਾਜੀਵ ਸਕਸੈਨਾ ਨੂੰ ਬਲੱਡ ਕੈਂਸਰ ਤੇ ਹੋਰ ਇਲਾਜ ਲਈ ਵਿਦੇਸ਼ ਜਾਣ ਦੀ ਇਜਾਜ਼ਤ ਦੇਣ ਦੇ ਦਿੱਲੀ ਹਾਈ ਕੋਰਟ ਦੇ ਹੁਕਮਾਂ 'ਤੇ ਰੋਕ ਲਾ ਦਿੱਤੀ ਹੈ।

ਜਸਟਿਸ ਸੰਜੀਵ ਖੰਨਾ ਤੇ ਜਸਟਿਸ ਬੀ ਆਰ ਗਵਈ ਦੇ ਵਕੇਸ਼ਨ ਬੈਂਚ ਨੇ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਦੀ ਅਪੀਲ ਉੱਤੇ ਰਾਜੀਵ ਸਕਸੈਨਾ ਨੂੰ ਨੋਟਿਸ ਜਾਰੀ ਕੀਤਾ ਹੈ। ਇਸ ਬਾਰੇ ਈ ਡੀ ਨੇ ਹਾਈ ਕੋਰਟ ਦੇ 10 ਜੂਨ ਦੇ ਹੁਕਮਾਂ ਨੂੰ ਚੁਣੌਤੀ ਦਿੱਤੀ ਸੀ, ਜਿਸ ਵਿੱਚ ਸਕਸੈਨਾ ਨੂੰ 25 ਜੂਨ ਤੋਂ 24 ਜੁਲਾਈ ਤੱਕ ਯੂ ਏ ਈ, ਬ੍ਰਿਟੇਨ ਅਤੇ ਯੂਰਪ ਜਾਣ ਦੀ ਇਜਾਜ਼ਤ ਦਿੱਤੀ ਗਈ ਸੀ। 3600 ਕਰੋੜ ਰੁਪਏ ਦੇ ਅਗਸਤਾ ਵੈਸਟਲੈਂਡ ਸੌਦੇ ਦੇ ਕੇਸ ਵਿੱਚ ਈ ਡੀ ਵੱਲੋਂ ਦਾਖਲ ਦੋਸ਼ ਪੱਤਰ ਵਿੱਚ ਉਸ ਨੂੰ ਮੁਲਜ਼ਮ ਬਣਾਇਆ ਗਿਆ ਹੈ। ਅਦਾਲਤ ਨੇ ਹਾਈ ਕੋਰਟ ਦੇ ਹੁਕਮ 'ਤੇ ਤਿੰਨ ਹਫਤੇ ਦੀ ਰੋਕ ਲਾਉਂਦਿਆਂ ਏਮਜ਼ ਦੇ ਡਾਇਰੈਕਟਰ ਨੂੰ ਸਕਸੈਨਾ ਦੀ ਮਾਨਸਿਕ ਅਤੇ ਸਰੀਰਕ ਜਾਂਚ ਕਰ ਕੇ ਤਿੰਨ ਹਫਤਿਆਂ ਦੇ ਅੰਦਰ ਰਿਪੋਰਟ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਸਕਸੈਨਾ ਦੇ ਵਕੀਲ ਨੂੰ ਇਹ ਤੈਅ ਕਰਨ ਲਈ ਕਿਹਾ ਕਿ ਕੀ ਸਕਸੈਨਾ ਦੀ ਭੈਣ ਅਤੇ ਰਿਸ਼ਤੇਦਾਰ ਬਲੱਡ ਕੈਂਸਰ ਅਤੇ ਹੋਰ ਰੋਗਾਂ ਦੇ ਇਲਾਜ ਲਈ ਉਸ ਨੂੰ ਵਿਦੇਸ਼ ਭੇਜਣ ਦੀ ਗਾਰੰਟੀ ਵਜੋਂ ਪੰਜ-ਪੰਜ ਕਰੋੜ ਰੁਪਏ ਦੀ ਜ਼ਮਾਨਤ ਰਕਮ ਦੇਣ ਨੂੰ ਤਿਆਰ ਹਨ। ਸੋਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਹੋਰ ਜੁਰਮਾਂ ਨਾਲ ਜੁੜੇ ਕੁਝ ਨਵੇਂ ਤੱਥ ਸਾਹਮਣੇ ਆਏ ਹਨ।

# ਆਸਾਮ ਵਿੱਚ 1.02 ਲੱਖ ਲੋਕ ਐੱਨ ਆਰ ਸੀ ਖਰੜੇ ਤੋਂ ਬਾਹਰ

ਗੁਹਾਟੀ, 27 ਜੂਨ (ਪੋਸਟ ਬਿਊਰੋ)- ਆਸਾਮ 'ਚ ਰਾਸ਼ਟਰੀ ਨਾਗਰਿਕ ਰਜਿਸਟਰ (ਐੱਨ ਆਰ ਸੀ) ਦੇ ਖਰੜੇ ਤੋਂ ਇੱਕ ਲੱਖ ਤੋਂ ਵੱਧ ਲੋਕਾਂ ਨੂੰ ਬਾਹਰ ਕਰ ਦਿੱਤਾ ਗਿਆ ਹੈ। ਇਨ੍ਹਾਂ ਨੂੰ ਐੱਨ ਆਰ ਸੀ ਦੀ ਖਰੜਾ ਸੂਚੀ ਤੋਂ ਵੱਖ ਕਰਨ ਦਾ ਕਾਰਨ ਭਾਰਤੀ ਨਾਗਰਿਕਤਾ ਲਈ ਅਯੋਗ ਪਾਇਆ ਜਾਣਾ ਦੱਸਿਆ ਗਿਆ ਹੈ।

ਪਿਛਲੇ ਸਾਲ 30 ਜੁਲਾਈ ਨੂੰ ਐੱਨ ਆਰ ਸੀ ਦੀ ਜਾਰੀ ਸੂਚੀ ਤੋਂ ਬਾਹਰ ਰਹਿ ਗਏ ਚਾਲੀ ਲੱਖ ਲੋਕਾਂ ਦੇ ਨਾਵਾਂ ਨਾਲ ਹੀ ਇਹ ਨਾਂਅ ਵੀ ਜੁੜ ਗਏ ਹਨ। ਐੱਨ ਆਰ ਸੀ ਦੇ ਸੂਬਾ ਕੋਆਰਡੀਨਟੇਰ ਦੇ ਬਿਆਨ ਅਨੁਸਾਰ ਰਜਿਸਟਰਾਰ ਆਫ ਸਿਟੀਜ਼ਨ ਰਜਿਸਟਰੇਸ਼ਨ (ਐੱਨ ਆਰ ਸੀ ਆਰ) ਦੀ ਐੱਨ ਆਰ ਸੀ ਦੀ ਜਾਂਚ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ ਐੱਨ ਆਰ ਸੀ ਦੀ ਸੂਚੀ 'ਚ ਸ਼ਾਮਲ 1,02,462 ਲੋਕਾਂ ਨੂੰ ਗੈਰ ਕਾਨੂੰਨੀ ਕਰਾਰ ਦੇ ਦਿੱਤਾ ਗਿਆ। ਬਾਹਰ ਕੀਤੇ ਜਾ ਰਹੇ ਲੋਕਾਂ ਦੀ ਸੂਚੀ ਵਿੱਚ ਬਹੁਤੇ ਉਹ ਲੋਕ ਹਨ ਜਿਨ੍ਹਾਂ ਨੂੰ ਵਿਦੇਸ਼ੀ ਪਾਏ ਜਾਣ ਕਾਰਨ ਅਯੋਗ ਐਲਾਨਿਆ ਗਿਆ ਹੈ ਜਾਂ ਉਨ੍ਹਾਂ ਨੂੰ ਸ਼ੱਕੀ ਵੋਟਰ ਮੰਨਿਆ ਗਿਆ ਹੈ। ਇਸ ਤੋਂ ਇਲਾਵਾ ਵਿਦੇਸ਼ੀ ਟ੍ਰਿਬਿਊਨਲਾਂ 'ਚ ਪੈਂਡਿੰਗ ਕੇਸਾਂ (ਪੀ ਐੱਫ ਟੀ) ਵਾਲੇ ਲੋਕਾਂ ਨੂੰ ਵੀ ਇਸ ਖਰੜਾ ਸੂਚੀ ਤੋਂ ਕੱਢ ਦਿੱਤਾ ਗਿਆ ਹੈ। ਇਹ ਸਾਰੇ ਭਾਰਤੀ ਨਾਗਰਿਕ ਹੋਣ ਲਈ ਅਯੋਗ ਪਾਏ ਗਏ ਹਨ। ਵਰਨਣ ਯੋਗ ਹੈ ਕਿ 1951 ਤੋਂ ਬਾਅਦ ਪਹਿਲੀ ਵਾਰ ਆਸਾਮ ਵਿੱਚ ਗੈਰ ਕਾਨੂੰਨੀ ਪਰਵਾਸੀਆਂ ਦੀ ਪਛਾਣ ਕੀਤੀ ਜਾ ਰਹੀ ਹੈ। ਰਾਸ਼ਟਰੀ ਨਾਗਰਿਕ ਰਜਿਸਟਰ (ਐੱਨ ਸੀ ਆਰ) ਨੂੰ ਸੁਪਰੀਮ ਕੋਰਟ ਦੀ ਨਿਗਰਾਨੀ ਵਿੱਚ ਅਪਡੇਟ ਕੀਤਾ ਜਾ ਰਿਹਾ ਹੈ। ਇਸ ਦੀ ਅੰਤਿਮ ਸੂਚੀ ਆਉਂਦੀ 31 ਜੁਲਾਈ ਨੂੰ ਜਾਰੀ ਕੀਤੀ ਜਾਵੇਗੀ। ਜਿਨ੍ਹਾਂ ਲੋਕਾਂ ਨੂੰ ਇਸ ਸੂਚੀ ਵਿੱਚੋਂ ਬਾਹਰ ਕੀਤਾ ਗਿਆ ਹੈ ਉਨ੍ਹਾਂ ਦਾ ਬਿਓਰਾ ਐੱਨ ਆਰ ਸੀ ਦੀ ਵੈੱਬਸਾਈਟ 'ਤੇ ਦਿੱਤਾ ਗਿਆ ਹੈ। ਉਨ੍ਹਾਂ ਨੂੰ ਪੱਤਰ ਭੇਜ ਕੇ ਵੀ ਸੂਚਿਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਐਨ ਆਰ ਸੀ ਤੋਂ ਕੱਢੇ ਲੋਕਾਂ ਦੀ ਜਾਣਕਾਰੀ ਐਨ ਆਰ ਸੀ ਸੇਵਾ ਕੇਂਦਰਾਂ (ਐੱਨ ਐੱਸ ਕੇ), ਡਿਪਟੀ ਕਮਿਸ਼ਨਰਾਂ ਦੇ ਦਫਤਰਾਂ, ਉਪ ਮੰਡਲ ਅਧਿਕਾਰੀ (ਸਿਵਲ) ਅਤੇ ਸਰਕਲ ਅਫਸਰਾਂ ਨੂੰ ਵੀ ਮੁਹੱਈਆ ਕਰਵਾਈ ਗਈ ਹੈ। ਆਸਾਮ ਦੇ ਸੋਨਿਤਪੁਰ ਜ਼ਿਲ੍ਹੇ ਵਿੱਚ ਰਹਿੰਦੀ ਇੱਕ ਚਾਲੀ ਸਾਲਾ ਔਰਤ ਨੂੰ ਟ੍ਰਿਬਿਊਨਲ ਨੇ ਵਿਦੇਸ਼ੀ ਕਰਾਰ ਦੇ ਦਿੱਤਾ ਹੈ। ਉਸ ਔਰਤ ਨੂੰ ਉਸ ਤੋਂ ਬਾਅਦ ਜੇਲ੍ਹ ਭੇਜ ਦਿੱਤਾ ਗਿਆ ਹੈ। ਉਸ ਦੇ ਪਰਵਾਰ ਵਾਲਿਆਂ ਦਾ ਕਹਿਣਾ ਹੈ ਕਿ ਉਹ ਮੂਲ ਰੂਪ 'ਚ ਬਿਹਾਰ ਦੀ ਰਹਿਣ ਵਾਲੀ ਹੈ। ਸੋਨਿਤਪੁਰ ਦੇ ਢਲਾਈਬਿਲ 'ਚ ਰਹਿਣ ਵਾਲੀ ਅਮਿਲਾ ਸਾਹ ਨੂੰ ਬੀਤੀ 15 ਜੂਨ ਨੂੰ ਗ੍ਰਿਫਤਾਰ ਕਰ ਕੇ ਜੇਲ੍ਹ ਭੇਜ ਦਿੱਤਾ ਗਿਆ ਸੀ।

## ਭਾਰਤੀ ਕ੍ਰਿਕਟ ਟੀਮ ਦੀ ਸੰਤਰੀ ਜਰਸੀ ਨੂੰ ਲੈ ਕੇ ਵਿਵਾਦ ਛਿੜਿਆ

ਮੁੰਬਈ, 27 ਜੂਨ (ਪੋਸਟ ਬਿਊਰੋ)- ਭਾਰਤੀ ਕ੍ਰਿਕਟ ਟੀਮ ਵਿਸ਼ਵ ਕੱਪ ਵਿੱਚ ਤੀਹ ਜੂਨ ਨੂੰ ਇੰਗਲੈਂਡ ਨਾਲ ਹੋਣ ਵਾਲੇ ਮੈਚ ਵਿੱਚ ਸੰਤਰੀ ਰੰਗ ਦੀ ਨਵੀਂ ਜਰਸੀ ਪਹਿਨ ਕੇ ਖੇਡਣ ਲਈ ਉਤਰੇਗੀ। ਇਸ ਜਰਸੀ ਨੂੰ ਲੈ ਕੇ ਭਾਰਤ 'ਚ ਰਾਜਨੀਤੀ ਸ਼ੁਰੂ ਹੋ ਗਈ ਹੈ। ਕਾਂਗਰਸ ਤੇ ਸਮਾਜਵਾਦੀ ਪਾਰਟੀ ਦੇ ਨੇਤਾਵਾਂ ਨੇ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ 'ਤੇ ਕ੍ਰਿਕਟ ਦਾ ਭਗਵਾਕਰਨ ਕਰਨ ਦਾ ਦੋਸ਼ ਲਗਾਇਆ ਹੈ।

ਕ੍ਰਿਕਟ ਟੀਮ ਦੀ ਜਰਸੀ 'ਤੇ ਸਵਾਲ ਉਠਾਉਂਦੇ ਹੋਏ ਕਾਂਗਰਸ ਦੇ ਵਿਧਾਇਕ ਐਮ ਏ ਖਾਨੇ ਨੇ ਕਿਹਾ ਕਿ ਸਰਕਾਰ ਪਿਛਲੇ ਪੰਜ ਸਾਲ 'ਚ ਹਰ ਚੀਜ਼ ਨੂੰ ਅਲੱਗ ਨਜ਼ਰ ਨਾਲ ਦੇਖਣ ਅਤੇ ਦਿਖਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਸਰਕਾਰ ਭਗਵਾਕਰਨ ਵੱਲ ਦੇਸ਼ ਨੂੰ ਲੈ ਕੇ ਜਾਣ ਦਾ ਕੰਮ ਕਰ ਰਹੀ ਹੈ। ਸਮਾਜਵਾਦੀ ਪਾਰਟੀ ਦੇ ਵਿਧਾਇਕ ਅੱਬੂ ਆਜ਼ਮੀ ਨੇ ਕਿਹਾ ਕਿ ਮੋਦੀ ਜੀ ਪੂਰੇ ਭਾਰਤ ਨੂੰ ਭਗਵਾ ਰੰਗ 'ਚ ਰੰਗਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਦੇਸ਼ ਦੇ ਕੌਮੀ ਝੰਡੇ ਨੂੰ ਰੰਗ ਦੇਣ ਵਾਲਾ ਮੁਸਲਮਾਨ ਸੀ, ਤਿਰੰਗੇ 'ਚ ਹੋਰ ਵੀ ਰੰਗ ਹਨ, ਸਿਰਫ ਭਗਵਾ ਕਿਉਂ, ਤਿਰੰਗੇ ਦੇ ਰੰਗ ਵਿੱਚ ਟੀਮ ਦੀ ਜਰਸੀ ਹੁੰਦੀ ਤਾਂ ਬਿਹਤਰ ਹੁੰਦਾ। ਭਾਰਤੀ ਟੀਮ ਦੇ ਸਾਬਕਾ ਖਿਡਾਰੀ ਅਤੁਲ ਵਾਸਨ ਨੇ ਇਸ ਵਿਵਾਦ ਨੂੰ ਬੇਵਜ੍ਹਾ ਦਾ ਦੱਸਿਆ ਹੈ। ਇਸ ਰੰਗ ਬਾਰੇ ਚਰਚਾ ਦੇ ਦੌਰਾਨ ਇੰਟਰਨੈਸ਼ਨਲ ਕ੍ਰਿਕਟ ਕੌਂਸਲ (ਆਈ ਸੀ ਸੀ) ਨੇ ਸਫਾਈ ਦਿੱਤੀ ਅਤੇ ਕਿਹਾ ਕਿ ਭਾਰਤੀ ਕ੍ਰਿਕਟ ਬੋਰਡ (ਬੀ ਸੀ ਸੀ ਆਈ) ਨੂੰ ਰੰਗਾਂ ਦੀ ਚੋਣ ਲਈ ਬਦਲ ਦਿੱਤੇ ਗਏ ਸਨ। ਉਨ੍ਹਾਂ ਨੇ ਉਹ ਰੰਗ ਚੁਣਿਆ ਜੋ ਉਨ੍ਹਾਂ ਦੀ ਜਰਸੀ ਨਾਲ ਮੇਲ ਖਾਂਦਾ ਸੀ। ਭਾਰਤ ਨੂੰ ਜਰਸੀ ਦਾ ਰੰਗ ਬਦਲਣ ਨੂੰ ਇਸ ਕਿਹਾ ਗਿਆ ਕਿ ਉਸ ਦੀ ਜਰਸੀ ਤੇ ਮੇਜ਼ਬਾਨ ਇੰਗਲੈਂਡ ਦੀ ਜਰਸੀ ਮਿਲਦੀ ਜੁਲਦੀ ਹੈ। ਇਸ ਲਈ ਭਾਰਤ ਨੂੰ ਜਰਸੀ ਦਾ ਰੰਗ ਥੋੜ੍ਹਾ ਅਲੱਗ ਕਰਨ ਲਈ ਕਿਹਾ ਗਿਆ, ਤਾਂ ਕਿ ਦੋਵਾਂ ਟੀਮਾਂ ਦੇ ਖਿਡਾਰੀ ਆਸਾਨੀ ਨਾਲ ਪਛਾਣੇ ਜਾ ਸਕਣ।




# ਐਸ : 400 ਸੌਦੇ ਸਬੰਧੀ ਭਾਰਤ ਦਾ ਅਮਰੀਕਾ ਨੂੰ ਦੋ ਟੁੱਕ ਜਵਾਬ

ਨਵੀਂ ਦਿੱਲੀ, 27 ਜੂਨ (ਪੋਸਟ ਬਿਊਰੋ)- ਭਾਰਤ ਨੇ ਬੀਤੇ ਦਿਨ ਅਮਰੀਕਾ ਨੂੰ ਕਿਹਾ ਕਿ ਉਹ ਪਾਬੰਦੀਆਂ ਤੋਂ ਪ੍ਰਭਾਵਤ ਰੂਸ ਸਮੇਤ ਹੋਰਨਾਂ ਦੇਸ਼ਾਂ ਦੇ ਨਾਲ ਸੰਬੰਧਾਂ ਵਿੱਚ ਦੇਸ਼ ਦੇ ਹਿੱਤਾਂ ਨੂੰ ਸਭ ਤੋਂ ਉਪਰ ਰੱਖੇਗਾ।



ਵਰਨਣ ਯੋਗ ਹੈ ਕਿ ਭਾਰਤ, ਰੂਸ ਤੋਂ ਐੱਸ-400 ਮਿਜ਼ਾਈਲ ਰੱਖਿਆ ਪ੍ਰਣਾਲੀ ਖਰੀਦ ਰਿਹਾ ਹੈ। ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਅਮਰੀਕੀ ਵਿਦੇਸ਼ ਮੰਤਰੀ ਮਾਈਕ ਪੋਂਪੀਓ ਨਾਲ ਇਥੇ ਵਿਆਪਕ ਦੁਵੱਲੀ ਗੱਲਬਾਤ ਦੌਰਾਨ ਇਹ ਗੱਲ ਆਖੀ। ਪੋਂਪੀਓ ਨੇ ਸਾਂਝੇ ਪ੍ਰੈੱਸ ਸੰਮੇਲਨ ਵਿੱਚ ਕਿਹਾ ਕਿ ਭਾਰਤ, ਅਮਰੀਕਾ ਦਾ ਅਹਿਮ ਭਾਈਵਾਲ ਹੈ ਅਤੇ ਅਮਰੀਕੀ-ਭਾਰਤ ਸਾਂਝ ਨਵੀਆਂ ਉਚਾਈਆਂ 'ਤੇ ਪਹੁੰਚਣ ਲੱਗੀ ਹੈ। ਕਾਊਂਟਰਿੰਗ ਅਮਰੀਕਾਜ਼ ਐਡਵਰਸਰੀਜ਼ ਥਰੂਅ ਸੈਕਸ਼ਨਜ਼ ਐਕਟ (ਕਾਟਸਾ) ਦੇ ਤਹਿਤ ਪਾਬੰਦੀਆਂ ਦੇ ਮੁੱਦੇ ਉਤੇ ਇੱਕ ਸਵਾਲ ਦੇ ਜਵਾਬ ਵਿੱਚ ਜੈਸ਼ੰਕਰ ਨੇ ਕਿਹਾ ਕਿ ਭਾਰਤ ਦੇ ਕਈ ਦੇਸ਼ਾਂ ਨਾਲ ਸੰਬੰਧ ਹਨ, ਜਿਨ੍ਹਾਂ ਦਾ ਇੱਕ ਇਤਿਹਾਸ ਹੈ। ਅਸੀਂ ਉਹੀ ਕਰਾਂਗੇ, ਜੋ ਸਾਡੇ ਦੇਸ਼ ਹਿੱਤ ਵਿੱਚ ਹੈ ਤੇ ਉਸ ਰਣਨੀਤਕ ਸਾਂਝ ਦਾ ਇੱਕ ਹਿੱਸਾ ਹਰ ਦੇਸ਼ ਦੀ ਸਮਰੱਥਾ ਅਤੇ ਦੂਸਰੇ ਦੇ ਰਾਸ਼ਟਰੀ ਹਿੱਤ ਦਾ ਸਨਮਾਨ ਕਰਨਾ ਹੈ। ਉਨ੍ਹਾਂ ਕਿਹਾ ਕਿ ਭਾਰਤ-ਅਮਰੀਕੀ ਰਣਨੀਤਕ ਭਾਈਵਾਲੀ ਡੂੰਘੀ ਤੇ ਵਿਆਪਕ ਇਕਸਾਰਤਾ 'ਤੇ ਆਧਾਰਤ ਹੈ। ਉਨ੍ਹਾਂ ਕਿਹਾ ਕਿ ਪੋਂਪੀਓ ਨਾਲ ਊਰਜਾ, ਵਪਾਰ ਮੁੱਦਿਆਂ, ਅਫਗਾਨਿਸਤਾਨ ਅਤੇ ਹਿੰਦ-ਪ੍ਰਸ਼ਾਂਤ ਖੇਤਰ ਦੇ ਹਾਲਾਤ ਵਰਗੇ ਮੁੱਦਿਆਂ 'ਤੇ ਚਰਚਾ ਹੋਈ। ਅੱਤਵਾਦ 'ਤੇ ਜੈਸ਼ੰਕਰ ਨੇ ਕਿਹਾ ਕਿ ਉਨ੍ਹਾਂ ਟਰੰਪ ਪ੍ਰਸ਼ਾਸਨ ਦੇ ਮਜ਼ਬੂਤ ਸਮਰਥਨ ਦੇ ਲਈ ਪ੍ਰਸੰਸਾ ਪ੍ਰਗਟ ਕੀਤੀ। ਪੋਂਪੀਓ ਦੀ ਇਹ ਯਾਤਰਾ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਪ੍ਰਧਾਨ ਮੰਤਰੀ ਮੋਦੀ ਦੇ ਵਿਚਕਾਰ ਜਾਪਾਨ ਦੇ ਓਸਾਕਾ 'ਚ ਹੋਣ ਵਾਲੇ ਜੀ-20 ਸੰਮੇਲਨ ਤੋਂ ਅਲੱਗ ਹੋਣ ਵਾਲੀ ਬੈਠਕ ਤੋਂ ਪਹਿਲਾਂ ਹੋਈ ਹੈ।

ਅਮਰੀਕਾ ਨੇ ਕਿਹਾ ਕਿ ਟਰੰਪ ਸਰਕਾਰ ਚਾਹੁੰਦੀ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੋਵਾਂ ਦੇਸ਼ਾਂ ਦੇ ਕਾਰੋਬਾਰ ਦੀਆਂ ਰੁਕਾਵਟਾਂ ਨੂੰ ਘੱਟ ਕਰਨ ਅਤੇ ਨਿਰਪੱਖ ਤੇ ਪਰਸਪਰ ਕਾਰੋਬਾਰ ਦਾ ਰੁਖ਼ ਅਪਣਾਉਣ। ਅਮਰੀਕੀ ਵਿਦੇਸ਼ ਮੰਤਰ-ਾਲੇ ਦੀ ਤੱਥ ਸੂਚੀ (ਫੈਕਟ ਸ਼ੀਟ) ਮੁਤਾਬਕ ਜੇ ਭਾਰਤ ਕਾਰੋਬਾਰ ਰੁਕਾਵਟਾਂ ਨੂੰ ਘੱਟ ਕਰ ਕੇ ਨਿਰਪੱਖ ਅਤੇ ਪਰਸਪਰ ਵਪਾਰ ਦਾ ਰੁਖ਼ ਅਪਣਾਉਂਦਾ ਹੈ ਤਾਂ ਜਿਵੇਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਚਾਹੁੰਦੇ ਹਨ ਕਿ ਸਾਡੇ ਕਾਰੋਬਾਰੀ ਸੰਬੰਧਾਂ ਵਿੱਚ ਵਾਧਾ ਅਤੇ ਉਚ ਗੁਣਵੱਤਾ ਵਾਲੀਆਂ ਨੌਕਰੀਆਂ ਪੈਦਾ ਕਰਨ ਦੀਆਂ ਵੱਡੀਆਂ ਸੰਭਾਵਨਾਵਾਂ ਹਨ। ਅਮਰੀਕੀ ਕੰਪਨੀਆਂ ਭਾਰਤ ਵਿੱਚ ਕਾਫੀ ਮੌਕੇ ਵੇਖਦੀਆਂ ਹਨ ਅਤੇ ਵਧਦੇ ਆਰਥਿਕ ਖੁੱਲ੍ਹੇਪਣ ਤੇ ਨਿਵੇਸ਼ ਨਾਲ ਆਪਸੀ ਫਾਇਦਾ ਹੋਵੇਗਾ। ਅਮਰੀਕਾ ਨੇ ਭਾਰਤ ਨੂੰ ਭਰੋਸਾ ਦਿਵ-ਾਇਆ ਹੈ ਕਿ ਉਹ ਉਨ੍ਹਾਂ ਨੂੰ ਕੱਚੇ ਤੇਲ ਦੀ ਇੰਪੋਰਟ ਯਕੀਨੀ ਕਰਨ ਲਈ ਸਭ ਕੁਝ ਕਰਨਗੇ। ਦੱਸਣਯੋਗ ਹੈ ਕਿ ਅਮਰੀਕੀ ਪਾਬੰਦੀਆਂ ਦੇ ਕਾਰਨ ਨਵੀਂ ਦਿੱਲੀ ਨੇ ਈਰਾਨ ਤੋਂ ਤੇਲ ਖਰੀਦਣਾ ਬੰਦ ਕਰ ਦਿੱਤਾ ਹੈ। ਇਸ ਲਈ ਅਮਰੀਕਾ, ਭਾਰਤ ਨੂੰ ਤੇਲ ਦੀ ਜ਼ਰੂਰਤ ਮੁਤਾਬਕ ਸਪਲਾਈ ਯਕੀਨੀ ਬਣਾਵੇਗਾ। ਪ੍ਰਧਾਨ ਮੰਤਰੀ ਦਫਤਰ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਕਿ ਨਰਿੰਦਰ ਮੋਦੀ ਨੇ ਅਮਰੀਕਾ ਨਾਲ ਸੰਬੰਧਾਂ ਵਿੱਚ ਆਪਣੀ ਸਰਕਾਰ ਦੇ ਨਵੇਂ ਰਾਜ ਵਿੱਚ ਵਿਸ਼ਵਾਸ ਦੀ ਮਜ਼ਬੂਤ ਬੁਨਿਆਦ ਅਤੇ ਸਾਂਝੇ ਹਿੱਤਾਂ ਨਾਲ ਅੱਗੇ ਦੇ ਆਪਣੇ ਪੱਖ ਨੂੰ ਪੇਸ਼ ਕੀਤਾ। ਪੋਂਪੀਓ ਨੇ ਭਾਰਤ ਨਾਲ ਸੰਬੰਧਾਂ ਨੂੰ ਮਜ਼ਬੂਤ ਬਣਾਉਣ ਅਤੇ ਸਾਂਝੇ ਟੀਚਿਆਂ ਨੂੰ ਹਾਸਲ ਕਰਨ ਲਈ ਇਕੱਠੇ ਮਿਲ ਕੇ ਕੰਮ ਕਰਨ 'ਚ ਅਮਰੀਕੀ ਸਰਕਾਰ ਦੀ ਦਿਲਚਸਪੀ ਜ਼ਾਹਰ ਕੀਤੀ।



# 55 ਦੇਸ਼ਾਂ ਨੇ ਸੁਰੱਖਿਆ ਕੌਂਸਲ ਵਿੱਚ ਭਾਰਤ ਦੀ ਗੈਰ ਸਥਾਈ ਸੀਟ ਦਾ ਸਮਰਥਨ ਕੀਤਾ



ਸੰਯੁਕਤ ਰਾਸ਼ਟਰ, 27 ਜੂਨ (ਪੋਸਟ ਬਿਊਰੋ)- ਯੂ ਐਨ ਦੀ ਸ਼ਕਤੀਸ਼ਾਲੀ ਸਕਿਓਰਟੀ ਕੌਂਸਲ ਵਿੱਚ ਦੋ ਸਾਲਾਂ ਲਈ ਭਾਰਤ ਦੀ ਗੈਰ ਸਥਾਈ ਸੀਟ ਲਈ ਚੀਨ ਤੇ ਪਾਕਿਸਤਾਨ ਸਮੇਤ ਏਸ਼ੀਆ ਪ੍ਰਸ਼ਾਂਤ ਦੇ 55 ਮੈਂਬਰਾਂ ਨੇ ਸਰਬ ਸੰਮਤੀ ਨਾਲ ਸਮਰਥਨ ਕੀਤਾ ਹੈ, ਜੋ ਭਾਰਤ ਵਾਸਤੇ ਇੱਕ ਵੱਡੀ ਕੂਟਨੀਤਕ ਜਿੱਤ ਹੈ ਅਤੇ ਇਸ ਨਾਲ ਕੌਮਾਂਤਰੀ ਪੱਧਰ 'ਤੇ ਭਾਰਤ ਦੇ ਕੱਦ ਨੂੰ ਹੋਰ ਉਚਾਈ ਮਿਲੇਗੀ। ਯੂ ਐਨ ਵਿੱਚ 15 ਦੇਸ਼ਾਂ ਦੀ ਕੌਂਸਲ ਨੇ ਪੰਜ ਗੈਰ ਸਥਾਈ ਮੈਂਬਰਾਂ ਦੀ 2021-22 ਦੇ ਕਾਰਜਕਾਲ ਲਈ ਚੋਣ ਅਗਲੇ ਸਾਲ ਜੂਨ ਮਹੀਨੇ ਵਿੱਚ ਹੋਵੇਗੀ।

ਇਸ ਸੰਬੰਧੀ ਯੂ ਐਨ ਵਿੱਚ ਭਾਰਤ ਦੇ ਸਥਾਈ ਪ੍ਰਤੀਨਿਧ ਸਈਦ ਅਕਬਰੂਦੀਨ ਨੇ ਟਵੀਟ ਕਰਦਿਆਂ ਦੱਸਿਆ ਕਿ ਏਸ਼ੀਆ ਪ੍ਰਸ਼ਾਂਤ ਗਰੁੱਪ ਨੇ ਯੂ ਐਨ ਸਕਿਓਰਟੀ ਕੌਂਸਲ ਵਿੱਚ ਭਾਰਤ ਦੀ ਅਗਲੇ ਦੋ ਸਾਲਾਂ ਲਈ ਗੈਰ-ਸਥਾਈ ਸੀਟ ਦਾ ਸਰਬ ਸੰਮਤੀ ਨਾਲ ਸਮਰਥਨ ਕੀਤਾ ਹੈ। ਉਨ੍ਹਾਂ ਏਸ਼ੀਆ-ਪ੍ਰਸ਼ਾਂਤ ਗਰੁੱਪ ਦੇ ਸਾਰੇ 55 ਮੈਂਬਰਾਂ ਦਾ ਧੰਨਵਾਦ ਕੀਤਾ ਹੈ। ਹਰ ਸਾਲ ਯੂ ਐਨ ਦੀ 193 ਮੈਂਬਰੀ ਜਨਰਲ ਅਸੈਂਬਲੀ ਦੋ ਸਾਲਾਂ ਲਈ ਸੁਰੱਖਿਆ ਕੌਂਸਲ ਵਿੱਚ ਪੰਜ ਗੈਰ ਸਥਾਈ ਮੈਂਬਰਾਂ ਦੀ ਚੋਣ ਕਰਦੀ ਹੈ। ਚੀਨ, ਅਮਰੀਕਾ, ਫਰਾਂਸ, ਇੰਗਲੈਂਡ ਤੇ ਰੂਸ ਸੰਯੁਕਤ ਰਾਸ਼ਟਰ ਦੀ ਸੁਰੱਖਿਆ ਪ੍ਰੀਸ਼ਦ ਦੇ ਪੰਜ ਸਥਾਈ ਮੈਂਬਰ ਹਨ।

# ਆਜ਼ਾਦੀ ਦਿਹਾੜੇ ਮੌਕੇ ਮੈਡਾਗਾਸਕਰ ਵਿਚ ਮਚੀ ਭਾਜੜ ਨਾਲ 16 ਮੌਤਾਂ



ਐਂਟਾਨਾਨੈਰਿਵੋ, 27 ਜੂਨ (ਪੋਸਟ ਬਿਊਰੋ)- ਮੈਡਾਗਾਸਕਰ ਦੇ ਆਜ਼ਾਦੀ ਦਿਹਾੜੇ ਮੌਕੇ ਕਰਾਈ ਗਈ ਰੈਲੀ ਵਿਚ ਭਾਜੜ ਪੈ ਜਾਣ ਕਾਰਨ ਲਗਭਗ 16 ਜਣਿਆਂ ਦੀ ਮੌਤ ਹੋ ਗਈ ਅਤੇ ਕਈ ਹੋਰ ਗੰਭੀਰ ਰੂਪ ਨਾਲ ਜ਼ਖ਼ਮੀ ਹੋ ਗਏ।

ਵਰਨਣ ਯੋਗ ਹੈ ਕਿ ਮੈਡਾਗਾਸਕਰ ਦੀ ਰਾਜਧਾਨੀ ਐਂਟਾਨਾਨੈਰਿਵੋ ਵਿਚ 59ਵੇਂ ਆਜ਼ਾਦੀ ਦਿਨ ਉੱਤੇ ਮਹਾਮਾਸੀਨਾ ਸਟੇਡੀਅਮ ਵਿਚ ਸਮਾਗਮ ਕੀਤਾ ਜਾ ਰਿਹਾ ਸੀ ਕਿ ਅਚਾਨਕ ਭਾਜੜ ਪੈ ਗਈ ਤੇ 16 ਵਿਅਕਤੀ ਮਾਰੇ ਗਏ। ਮੌਕੇ ਉੱਤੇ ਪੁੱਜੀ ਪੁਲਿਸ ਨੇ ਜ਼ਖ਼ਮੀਆਂ ਨੂੰ ਹਸਪਤਾਲ ਵਿਚ ਦਾਖ਼ਲ ਕਰਵਾਇਆ। ਮੈਡਾਗਾਸਕਰ ਦੇ ਰਾਸ਼ਟਰਪਤੀ ਐਂਡਰੀ ਰਾਜੋਲਿਨਾ ਨੇ ਅਧਿਕਾਰੀਆਂ ਨੂੰ ਇਨ੍ਹਾਂ ਦੇ ਇਲਾਜ ਲਈ ਜ਼ਰੂਰੀ ਹੁਕਮ ਦਿਤੇ। ਉਨ੍ਹਾਂ ਕਿਹਾ ਕਿ ਸਟੇਡੀਅਮ ਵਿਚ ਸਮਰੱਥਾ ਤੋਂ ਵੱਧ ਲੋਕਾਂ ਦੇ ਆਉਣ ਨਾਲ ਇਹ ਘਟਨਾ ਵਾਪਰੀ ਹੈ। ਏਥੇ ਕਰੀਬ 22000 ਲੋਕਾਂ ਦੀ ਸਮਰਥਾ ਹੈ ਪਰ ਇਸ ਤੋਂ ਲਗਭਗ ਦੁਗਣੇ ਲੋਕ ਆ ਗਏ ਤੇ ਸੁਰੱਖਿਆ ਮੁਲਾਜ਼ਮਾਂ ਨੂੰ ਇੰਨੇ ਲੋਕਾਂ ਨੂੰ ਸਾਂਭਣਾ ਮੁਸ਼ਕਲ ਹੋ ਗਿਆ। ਮੌਕੇ ਉੱਤੇ ਮੌਜੂਦ ਲੋਕਾਂ ਨੇ ਦਸਿਆ ਕਿ ਸਮਾਗਮ ਦੌਰਾਨ ਕਰਵਾਈ ਪਰੇਡ ਦੇ ਖ਼ਤਮ ਹੋਣ ਪਿੱਛੋਂ ਸੁਰੱਖਿਆ ਮੁਲਾਜ਼ਮਾਂ ਨੇ ਸਟੇਡੀਅਮ ਦਾ ਇਕ ਗੇਟ ਖੋਲ੍ਹ ਦਿਤਾ ਸੀ ਤਾਂ ਕਿ ਲੋਕ ਬਾਹਰ ਜਾ ਸਕਣ ਪਰ ਕੁੱਝ ਦੇਰ ਬਾਅਦ ਇਸ ਨੂੰ ਬੰਦ ਕਰ ਦਿਤਾ ਤਾਂ ਸਟੇਡੀਅਮ ਦੇ ਅੰਦਰ ਲੋਕ ਬੇਕਾਬੂ ਹੋ ਗਏ ਅਤੇ ਭਾਜੜ ਪੈ ਗਈ। ਪਿਛਲੇ ਸਾਲ ਸਤੰਬਰ ਮਹੀਨੇ ਵਿਚ ਫੁੱਟਬਾਲ ਦੇ ਇਕ ਮੈਚ ਦੌਰਾਨ ਇਸੇ ਸਟੇਡੀਅਮ ਨੂੰ ਭਾਜੜ ਪੈ ਗਈ ਸੀ ਜਿਸ ਕਾਰਨ ਇਕ ਵਿਅਕਤੀ ਦੀ ਮੌਤ ਹੋ ਗਈ ਸੀ ਅਤੇ ਕਈ ਜ਼ਖ਼ਮੀ ਹੋ ਗਏ ਸਨ।

# ਸਾਇੰਟਿਫਿਕ ਟੂਲ ਵਾਂਗ ਸਮਾਰਟਫੋਨ ਦਾ ਕੈਮਰਾ ਵਰਤਣ ਲਈ ਤਰੀਕਾ ਲੱਭਿਆ

ਲੰਡਨ, 27 ਜੂਨ (ਪੋਸਟ ਬਿਊਰੋ)- ਵਿਗਿਆਨੀਆਂ ਨੇ ਅਜਿਹਾ ਆਸਾਨ ਤਰੀਕਾ ਲੱਭਿਆ ਹੈ ਜਿਸ ਨਾਲ ਸਮਾਰਟਫੋਨ ਦੇ ਕੈਮਰੇ ਵੀ ਜੰਤਰਾਂ ਦੀ ਤਰ੍ਹਾਂ ਕੰਮ ਕਰ ਸਕਣਗੇ। ਇਸ ਨਾਲ ਸਾਇੰਸ ਸਟੂਡੈਂਟਸ ਵੀ ਆਪਣੇ ਰਿਸਰਚ ਲਈ ਕਿਸੇ ਖਾਸ ਉਪਕਰਣ ਦੇ ਬਿਨਾਂ ਡਾਟਾ ਇਕੱਠਾ ਕਰ ਸਕਣਗੇ।

ਸਮਾਰਟਫੋਨ ਤੇ ਬਾਕੀ ਕੈਮਰਿਆਂ ਦਾ ਇਸਤੇਮਾਲ ਪਹਿਲਾਂ ਵੀ ਸਾਇੰਟਿਫਿਕ ਐਪਲੀਕੇਸ਼ਨਜ਼ ਵਿੱਚ ਹੁੰਦਾ ਆਇਆ ਹੈ, ਪਰ ਇਸ ਦੇ ਡਾਟਾ ਦੀਆਂ ਅਲੱਗ ਡਿਵਾਈਸਾਂ ਨਾਲ ਤੁਲਨਾ ਕਰਨਾ ਅਤੇ ਡਾਟਾ ਇਕੱਠਾ ਕਰਨਾ ਮੁਸ਼ਕਲ ਕੰਮ ਹੈ। ਨੀਦਰਲੈਂਡਸ ਦੀ ਲੀਡਨ ਯੂਨੀਵਰਸਿਟੀ ਦੇ ਖੋਜਕਾਰਾਂ ਓਲੀਵਿਰ ਬੁਗਾਰਫ ਦੇ ਮੁਤਾਬਕ ਘੱਟ ਕੀਮਤ ਵਿੱਚ ਮਿਲਣ ਵਾਲੇ ਸਮਾਰਟਫੋਨ ਦੇ ਕਾਰਨ ਉਨ੍ਹਾਂ ਦੇ ਕੈਮਰਿਆਂ ਦਾ ਇਸਤੇਮਾਲ ਸਾਇੰਸ ਪ੍ਰੋਜੈਕਟਾਂ ਦੇ ਲਈ ਕਰਨਾ ਕਾਫੀ ਆਸਾਨ ਹੋ ਸਕਦਾ ਹੈ। ਕਿਉਂਕਿ ਸਮਾਰਟਫੋਨ ਤੱਕ ਅੱਜ ਦੇ ਸਮੇਂ ਵਿੱਚ ਜ਼ਿਆਦਾ ਲੋਕਾਂ ਦੀ ਪਹੁੰਚ ਵੀ ਹੈ ਅਤੇ ਹਰ ਕੋਈ ਇਨ੍ਹਾਂ ਨੂੰ ਆਸਾਨੀ ਨਾਲ ਚਲਾ ਵੀ ਸਕਦਾ ਹੈ, ਅਜਿਹੇ ਵਿੱਚ ਇਨ੍ਹਾਂ ਦਾ ਪ੍ਰੋਜੈਕਟਾਂ ਵਿੱਚ ਇਸਤੇਮਾਲ ਕਰਨਾ ਚਾਹੀਦਾ ਹੈ।

ਆਪਟਿਕਸ ਐਕਸਪ੍ਰੈਸ ਜਰਨਲ ਵਿੱਚ ਛਪੇ ਇਸ ਸਰਵੇ ਵਿੱਚ ਓਲੀਵਿਰ ਨੇ ਦੱਸਿਆ, ਸਾਡੀ ਵਿਧੀ ਨਾਲ ਕਿਸੇ ਵੀ ਡਾਟਾ ਨੂੰ ਇਕੱਠਾ ਕਰਨ ਅਤੇ ਉਸ ਦੀ ਗਣਨਾ ਲਈ ਨਾ ਸਿਰਫ ਕੁਝ ਖਾਸ ਜੰਤਰਾਂ ਦੀ ਜ਼ਰੂਰਤ ਘੱਟ ਹੋਵੇਗੀ ਬਲਕਿ ਇਸ ਨਾਲ ਲੋਕਾਂ ਦੇ ਪੈਸਿਆਂ ਦੀ ਬਚਤ ਹੋ ਜਾਏਗੀ। ਇਸ ਦਾ ਸਮਾਰਟਫੋਨ ਦੇ ਕੈਮਰਿਆਂ ਵਿੱਚ ਵਰਤਣਾ ਕਾਫੀ ਆਸਾਨ ਹੈ। ਇਸ ਨਾਲ ਹਵਾ ਵਿਚ ਘੁਲੇ ਸੂਖਮ ਕਣਾਂ ਨੂੰ ਆਸਾਨੀ ਨਾਲ ਮਾਪ ਕੇ ਪ੍ਰਦੂਸ਼ਣ ਦੇ ਪੱਧਰ ਦਾ ਪਤਾ ਲਾਇਆ ਜਾ ਸਕਦਾ ਹੈ। ਸਾਡੀ ਵਿਧੀ ਦਾ ਨਾਂਅ ਸਟੈਂਡਰਡ ਫੋਟੋਗ੍ਰਾਫਿਕ ਇਕਵਿਪਮੈਂਟ ਕੈਲੀਬ੍ਰੇਸ਼ਨ ਟੈਕਨੀਕ ਐਂਡ ਕੈਟੇਲਾਗ (ਐੱਸ ਪੀ ਈ ਸੀ ਟੀ ਏ ਸੀ ਐੱਲ ਈ) ਹੈ, ਜੋ ਸਮਾਰਟਫੋਨ ਦੇ ਡਿਜੀਟਲ ਸਿਗਨਲ ਨੂੰ ਕੈਮਰੇ ਦੇ ਲੈਂਸ 'ਤੇ ਪ੍ਰਤੀਬਿੰਬਤ ਕਰ ਸਕਦਾ ਹੈ। ਇਹ ਡਾਟਾਬੇਸ ਲੋਕਾਂ ਨੂੰ ਕੈਮਰੇ ਦੇ ਜ਼ਰੀਏ ਆਪਣੇ ਕੈਲੀਬ੍ਰੇਸ਼ਨ ਡਾਟਾ ਨੂੰ ਅਪਲੋਡ ਕਰਨ ਵਿੱਚ ਮਦਦ ਕਰੇਗਾ।

# ਭਾਰਤ ਵਿੱਚ ਪੇਂਡੂ ਔਰਤਾਂ ਦਾ ਸਰਵੇ: ਕੰਮ ਦਾ ਬੋਝ ਸਿਹਤ ਖਰਾਬ ਕਰ ਰਿਹੈ

ਲੰਡਨ, 27 ਜੂਨ (ਪੋਸਟ ਬਿਊਰੋ)- ਭਾਰਤੀ ਔਰਤਾਂ 'ਤੇ ਪੈਣ ਵਾਲਾ ਕੰਮ ਦਾ ਬੋਝ ਉਹ ਕਾਰਨ ਹੈ ਜਿਸ ਨਾਲ ਉਹ ਖੁਦ ਸਰੀਰਕ ਤੌਰ 'ਤੇ ਕਮਜ਼ੋਰ ਹੁੰਦੀ ਹੈ ਤੇ ਉਨ੍ਹਾਂ ਦੇ ਬੱਚੇ ਕੁਪੋਸ਼ਣ ਦਾ ਸ਼ਿਕਾਰ ਹੁੰਦੇ ਹਨ। ਇਹ ਗੱਲ ਬਰਤਾਨੀਆ ਦੇ ਈਸਟ ਐਂਗਲੀਆ ਯੂਨੀਵਰਸਿਟੀ (ਯੂ ਏ ਈ) ਦੇ ਸਰਵੇ ਵਿੱਚ ਸਾਹਮਣੇ ਆਈ ਹੈ। ਅਧਿਐਨ ਮੁਤਾਬਕ ਭਾਰਤੀ ਔਰਤਾਂ ਘਰੇਲੂ ਕੰਮ ਦੇ ਨਾਲ ਖੇਤੀ ਵਿੱਚ ਵੀ ਹੱਥ ਵਟਾਉਂਦੀਆਂ ਹਨ। ਇਹ ਸਥਿਤੀ ਕਰੀਬ ਪੂਰੇ ਦਿਹਾਤੀ ਭਾਰਤ ਵਿੱਚ ਹੈ। ਇਸ ਦਾ ਨਤੀਜਾ ਹੁੰਦਾ ਹੈ ਕਿ ਉਹ ਕੰਮ ਕਰਦੇ ਹੋਏ ਵਧੇਰੇ ਜਾਂਦੀਆਂ ਹਨ। ਸਾਰੇ ਮੌਕਿਆਂ 'ਤੇ ਮਰਦ ਜਦੋਂ ਕੰਮ ਦੇ ਸਿਲਸਿਲੇ ਵਿੱਚ ਸ਼ਹਿਰ ਜਾਂਦੇ ਹਨ ਤਾਂ ਉਨ੍ਹਾਂ ਦੀ ਗੈਰ ਹਾਜ਼ਰੀ ਵਿੱਚ ਔਰਤਾਂ ਨੂੰ ਘਰ ਦੇ ਕੰਮ ਦੇ ਨਾਲ ਖੇਤੀ ਦੀ ਵੀ ਪੂਰੀ ਜ਼ਿੰਮੇਵਾਰੀ ਚੁੱਕਣੀ ਪੈਂਦੀ ਹੈ। ਇਸ ਹਾਲਤ ਵਿੱਚ ਖਾਣ ਪੀਣ ਤੇ ਆਰਾਮ ਕਰਨ ਦਾ ਪੂਰਾ ਸਮਾਂ ਨਹੀਂ ਮਿਲਦਾ। ਇਸ ਦਾ ਅਸਰ ਉਨ੍ਹਾਂ ਦੀ ਸਿਹਤ ਉਤੇ ਪੈਂਦਾ ਹੈ। ਉਨ੍ਹਾਂ ਦੀ ਰੋਗ ਵਿਰੋਧੀ ਸਮਰੱਥਾ ਘੱਟ ਹੁੰਦੀ ਹੈ ਤੇ ਉਹ ਛੇਤੀ ਬਿਮਾਰ ਪੈਂਦੀਆਂ ਹਨ। ਇਸ ਦੌਰਾਨ ਜਦੋਂ ਉਹ ਮਾਂ ਬਣਦੀਆਂ ਹਨ ਤਾਂ ਬੱਚਾ ਕਮਜ਼ੋਰ ਪੈਦਾ ਹੁੰਦਾ ਹੈ। ਇਸ ਤੋਂ ਬਾਅਦ ਨਵਜਾਤ ਬੱਚੇ ਵੀ ਪੂਰੀ ਦੇਖਭਾਲ ਦੀ ਘਾਟ ਕਾਰਨ ਕਮਜ਼ੋਰ ਰਹਿੰਦੇ ਹਨ ਤੇ ਵੱਖ ਵੱਖ ਰੋਗਾਂ ਦੇ ਸ਼ਿਕਾਰ ਹੋ ਜਾਂਦੇ ਹਨ। ਇਹੀ ਕੁਪੋਸ਼ਣ ਦੀ ਸਥਿਤੀ ਉਨ੍ਹਾਂ ਦੇ ਜੀਵਨ ਲਈ ਮਾਰੂ ਸਾਬਿਤ ਹੁੰਦੀ ਹੈ।

# ਨਿਊਜ਼ੀਲੈਂਡ ਦੀ ਗਵਰਨਰ ਵੱਲੋਂ ਪੰਜਾਬਣ ਦਾ ਰਾਸ਼ਟਰੀ ਪੁਰਸਕਾਰ ਨਾਲ ਸਨਮਾਨ

ਆਕਲੈਂਡ, 27 ਜੂਨ (ਪੋਸਟ ਬਿਊਰੋ)- ਪੰਜਾਬ ਦੀਆਂ ਧੀਆਂ ਵਿਦੇਸ਼ਾਂ ਵਿੱਚ ਵੱਡਾ ਨਾਂਅ ਕਮਾ ਰਹੀਆਂ ਹਨ, ਜਿਸ ਦੀ ਤਾਜ਼ਾ ਮਿਸਾਲ ਭਾਰਤੀ ਮੂਲ ਦੀ ਪੰਜਾਬੀ ਲੜਕੀ ਈਸ਼ਾ ਸਿੰਘ ਹੈ। ਨਿਊਜ਼ੀਲੈਂਡ ਵਿਖੇ ਬ੍ਰਿਟੇਨ ਦੀ ਮਹਾਰਾਣੀ ਦੇ ਨਾਂਅ 'ਤੇ ਦਿੱਤਾ ਜਾਂਦਾ ਇੱਕ ਵੱਕਾਰੀ ਇਨਾਮ ਕੁਈਨਜ਼ ਗਾਈਡਿੰਗ ਐਵਾਰਡ ਨਿਊਜ਼ੀਲੈਂਡ ਇਥੇ ਭਾਰਤੀ ਮੂਲ ਦੀ ਪੰਜਾਬੀ ਲੜਕੀ ਈਸ਼ਾ ਸਿੰਘ, ਜਿਹੜੀ ਪੱਤਰਕਾਰ ਪਰਮਿੰਦਰ ਸਿੰਘ ਦੀ ਧੀ ਹੈ, ਨੂੰ ਮਿਲਿਆ ਹੈ।

ਇਸ ਬਾਰੇ ਈਸ਼ਾ ਸਿੰਘ ਅਤੇ ਉਨ੍ਹਾਂ ਦੇ ਪਿਤਾ ਪਰਮਿੰਦਰ ਸਿੰਘ ਪਾਪਾਟੋਏਟੋਏ ਨੇ ਦੱਸਿਆ ਕਿ ਇਹ ਇਨਾਮ ਉਸ ਨੂੰ ਦਿੱਤਾ ਜਾਂਦਾ ਹੈ, ਜੋ ਸਥਾਨਕ ਲੋਕਾਂ ਅਤੇ ਭਾਈਚਾਰੇ ਦੇ ਮਾਰਗ ਦਰਸ਼ਕ ਦਾ ਕੰਮ ਕਰਦੇ ਹਨ। ਉਨ੍ਹਾਂ ਦੱਸਿਆ ਕਿ ਇਹ ਇਨਾਮ ਦੇਣ ਲਈ ਦੇਸ਼ ਪੱਧਰੀ ਸਮਾਗਮ ਆਕਲੈਂਡ ਗਵਰਨਰ ਹਾਊਸ ਵਿਖੇ ਕਰਾਇਆ ਗਿਆ ਸੀ, ਜਿਸ ਵਿੱਚ ਦੇਸ਼ ਦੀ ਗਵਰਨਰ ਜਨਰਲ ਡੇਮ ਪੈਟਸੇ ਰੈਡੀ ਨੇ ਵੱਖ ਵੱਖ ਵਰਗਾਂ ਲਈ 25 ਦੇ ਕਰੀਬ ਕੌਮੀ ਇਨਾਮ ਦਿੱਤੇ ਹਨ। ਪੰਜਾਬੀਆਂ ਦਾ ਇਸ ਨਾਲ ਓਦੋਂ ਮਾਣ ਵਧ ਗਿਆ, ਜਦੋਂ ਇਨ੍ਹਾਂ 25 ਇਨਾਮ ਪ੍ਰਾਪਤ ਕਰਨ ਵਾਲਿਆਂ ਵਿੱਚ ਪੂਰੇ ਦੇਸ਼ 'ਚੋਂ ਇੱਕ ਭਾਰਤੀ ਪੰਜਾਬੀ ਮੂਲ ਦੀ ਈਸ਼ਾ ਸਿੰਘ (17) ਨੂੰ ਗਵਰਨਰ ਜਨਰਲ ਨੇ ਦੇਸ਼ ਪੱਧਰੀ ਇਨਾਮ ਦੇ ਕੇ ਸਨਮਾਨਿਤ ਕੀਤਾ। ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਸਤੌਰ ਦਾ ਪਿਛੋਕੜ ਰੱਖਦੀ ਈਸ਼ਾ ਸਿੰਘ ਨੇ ਕਿਹਾ ਕਿ ਉਹ ਇਹ ਸੰਦੇਸ਼ ਦੇਣਾ ਚਾਹੁੰਦੀ ਹੈ ਕਿ ਵਿਦੇਸ਼ਾਂ ਵਿੱਚ ਆ ਕੇ ਸਾਨੂੰ ਆਪਣੇ ਸਭਿਆਚਾਰ ਅਤੇ ਭਾਈਚਾਰੇ ਨਾਲ ਵੀ ਜੁੜੇ ਰਹਿ ਕੇ ਸਥਾਨਕ ਲੋਕਾਂ ਨਾਲ ਵੀ ਭਾਈਚਾਰਕ ਅਤੇ ਸਭਿਆਚਾਰਕ ਸਾਂਝ ਵਧਾਉਣੀ ਚਾਹੀਦੀ ਹੈ।

# ਇਮਰਾਨ ਖਾਨ ਦੇ ਖਿਲਾਫ ਵਿਰੋਧੀ ਆਗੂ ਇਕਜੁੱਟ ਹੋਏ

ਇਸਲਾਮਾਬਾਦ, 27 ਜੂਨ (ਪੋਸਟ ਬਿਊਰੋ)- ਗੰਭੀਰ ਆਰਥਿਕ ਸੰਕਟ 'ਚੋਂ ਲੰਘ ਰਹੀ ਪਾਕਿਸਤਾਨ ਦੀ ਇਮਰਾਨ ਖਾਨ ਦੀ ਅਗਵਾਈ ਵਾਲੀ ਸਰਕਾਰ ਖਿਲਾਫ ਵਿਰੋਧੀ ਪਾਰਟੀਆਂ ਇਕਜੁੱਟ ਹੋ ਗਈਆਂ ਹਨ ਅਤੇ ਸਭ ਨੇ ਮਿਲ ਕੇ ਇਮਰਾਨ ਖਿਲਾਫ ਸਿਆਸੀ ਪੱਖ ਤੋਂ ਮੋਰਚਾ ਖੋਲ੍ਹ ਦਿੱਤਾ ਹੈ।

ਕੱਲ੍ਹ ਇਸਲਾਮਾਬਾਦ 'ਚ ਪ੍ਰਮੁੱਖ ਵਿਰਧੀ ਪਾਰਟੀਆਂ ਦੀ ਸਾਂਝੀ ਬੈਠਕ ਵਿੱਚ ਇਮਰਾਨ ਸਰਕਾਰ ਦੀਆਂ ਆਰਥਿਕ ਨਾਕਾਮੀਆਂ ਦੀ ਸਖਤ ਆਲੋਚਨਾ ਕੀਤੀ ਗਈ। ਸਿਆਸੀ ਆਗੂਆਂ ਨੇ ਕਿਹਾ ਕਿ ਇਮਰਾਨ ਖਾਨ ਦੀ ਸਰਕਾਰ ਹਰ ਮੰਚ 'ਤੇ ਨਾਕਾਮ ਸਾਬਿਤ ਹੋਈ ਹੈ। ਉਸ ਦੀਆਂ ਨੀਤੀਆਂ ਕਾਰਨ ਦੇਸ਼ ਡੂੰਘੇ ਆਰਥਿਕ ਸੰਕਟ 'ਚੋਂ ਲੰਘ ਰਿਹਾ ਹੈ। ਇਸ ਦੌਰਾਨ ਸਰਕਾਰ ਦੇ ਖਿਲਾਫ ਅੰਦੋਲਨ ਦੀ ਵੀ ਯੋਜਨਾ ਬਣਾਈ ਗਈ। ਬੈਠਕ ਵਿੱਚ ਮਰੀਅਮ ਨਵਾਜ਼, ਸ਼ਹਿਬਾਜ਼ ਸ਼ਰੀਫ, ਮੌਲਾਨਾ ਫਜ਼ਲਉਰ ਰਹਿਮਾਨ, ਬਿਲਾਵਲ ਭੁੱਟੋ ਜ਼ਰਦਾਰੀ, ਯੂਸੁਫ ਰਜ਼ਾ ਗਿਲਾਨੀ ਤੇ ਮੁਹੰਮਦ ਖਾਨ ਅਚਾਕਈ ਸਮੇਤ ਵੱਖ ਵੱਖ ਪਾਰਟੀਆਂ ਦੇ ਨੇਤਾਵਾਂ ਨੇ ਹਿੱਸਾ ਲਿਆ। ਵਰਨਣ ਯੋਗ ਹੈ ਕਿ ਜਦੋਂ ਤੋਂ ਇਮਰਾਨ ਖਾਨ ਨੇ ਪਾਕਿਸਤਾਨ ਦੀ ਵਾਗ ਸੰਭਾਲੀ ਹੈ ਉਹ ਆਰਥਿਕ ਤੇ ਰਣਨੀਤਕ ਦੋਵਾਂ ਮੋਰਚਿਆਂ 'ਤੇ ਬੁਰੀ ਤਰ੍ਹਾਂ ਘਿਰੇ ਹੋਏ ਦਿਖਾਈ ਦੇ ਰਹੇ ਹਨ।

# ਭਾਰਤ ਵਿੱਚ ਰਵਾਇਤੀ ਵਿਆਹ ਦੀ ਥਾਂ ਮੁੰਡੇ-ਕੁੜੀ ਦੀ ਰਜ਼ਾਮੰਦੀ ਵਾਲੇ ਵਿਆਹਾਂ ਵਿੱਚ ਵਾਧਾਅ

ਯੂ ਐੱਨ ਓ, 27 ਜੂਨ (ਪੋਸਟ ਬਿਊਰੋ)- ਯੂ ਐੱਨ ਦੀ ਇੱਕ ਰਿਪੋਰਟ ਦੇ ਮੁਤਾਬਕ ਭਾਰਤ ਦੇ ਸ਼ਹਿਰੀ ਇਲਾਕਿਆਂ ਵਿੱਚ ਪਰਵਾਰਕ ਸਹਿਮਤੀ ਨਾਲ ਰਵਾਇਤੀ ਵਿਆਹ (ਅਰੇਂਜ ਮੈਰਿਜ) ਦੀ ਜਗ੍ਹਾ ਲੜਕਾ-ਲੜਕੀ ਦੀ ਪਹਿਲ 'ਤੇ ਪਰਵਾਰ ਦੀ ਰਜ਼ਾਮੰਦੀ ਨਾਲ ਹੋਣ ਵਾਲੇ ਵਿਆਹ (ਸੈਮੀ ਅਰੇਂਜ ਮੈਰਿਜ) ਲੈਂਦੇ ਜਾ ਰਹੇ ਹਨ। ਇਸ ਦੀ ਵਜ੍ਹਾ ਨਾਲ ਵਿਆਹਕ ਹਿੰਸਾ 'ਚ ਕਮੀ ਆ ਰਹੀ ਹੈ ਅਤੇ ਆਰਥਿਕ ਤੇ ਪਰਵਾਰਕ ਨਿਯੋਜਨ ਵਰਗੇ ਫੈਸਲਿਆਂ 'ਚ ਔਰਤਾਂ ਦੇ ਵਿਚਾਰਾਂ ਨੂੰ ਜ਼ਿਆਦਾ ਅਹਿਮੀਅਤ ਦਿੱਤੀ ਜਾ ਰਹੀ ਸਾਬਤ ਹੋਣ ਲੱਗ ਪਈ ਹੈ।

ਇਹ ਜਾਣਕਾਰੀ ਨਵੀਂ ਰਿਪੋਰਟ ਪ੍ਰੋਗ੍ਰੈਸ ਆਫ ਦੀ ਵਰਲਡ ਵਿਮਨ 2019-20 ਫੈਮਿਲੀ ਇਨ ਏ ਚੇਂਜਡ ਵਰਲਡ ਵਿੱਚ ਦਿੱਤੀ ਗਈ ਹੈ। ਔਰਤਾਂ ਦੀ ਸੰਸਥਾ ਦੀ ਕਾਰਜਕਾਰੀ ਡਾਇਰੈਕਟਰ ਫੂਮਜਿਲੇ ਮਲਾਂਬੋ ਨਗੂਕਾ ਨੇ ਕਿਹਾ ਕਿ ਇਹ ਰਿਪੋਰਟ ਦੱਸਦੀ ਹੈ ਕਿ ਮਾਤਾ-ਪਿਤਾ ਵੱਲੋਂ ਤੈਅ ਰਵਾਇਤੀ ਵਿਆਹ ਵਿੱਚ ਔਰਤਾਂ ਦੀ ਆਪਣੀ ਸਾਂਝੇਦਾਰੀ ਚੁਣਨ ਵਿੱਚ ਭੂਮਿਕਾ ਬੇਹੱਦ ਸੀਮਿਤ ਹੁੰਦੀ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਸ ਦੀ ਜਗ੍ਹਾ ਲੜਕਾ-ਲੜਕੀ ਦੀ ਪਹਿਲ 'ਤੇ ਪਰਵਾਰ ਦੀ ਰਜ਼ਾਮੰਦੀ ਨਾਲ ਹੋਣ ਵਾਲੇ ਵਿਆਹਾਂ ਦੀ ਗਿਣਤੀ ਵਧਦੀ ਜਾ ਰਹੀ ਹੈ ਅਤੇ ਇਹ ਜ਼ਿਆਦਾਤਰ ਸ਼ਹਿਰੀ ਇਲਾਕਿਆਂ ਵਿੱਚ ਹੋ ਰਿਹਾ ਹੈ।

# ਰੋਬੋਟਸ ਦੇ ਕਾਰਨ 2030 ਤੱਕ ਦੋ ਕਰੋੜ ਲੋਕਾਂ ਦੀਆਂ ਨੌਕਰੀਆਂ ਜਾਣ ਦਾ ਖਤਰਾ



ਵਾਸ਼ਿੰਗਟਨ, 27 ਜੂਨ (ਪੋਸਟ ਬਿਊਰੋ)- ਮੌਜੂਦਾ ਸਮੇਂ ਵਿੱਚ ਰੋਬੋਟ ਦਾ ਰੁਝਾਨ ਕਾਫੀ ਵਧ ਗਿਆ ਹੈ। ਰੋਬੋਟ ਇਨਸਾਨ ਤੋਂ ਬਿਹਤਰ ਅਤੇ ਘੱਟ ਸਮੇਂ ਵਿੱਚ ਕੰਮ ਕਰ ਰਹੇ ਹਨ। ਇਹ ਅਰਥ ਵਿਵਸਥਾ ਦੇ ਲਈ ਚੰਗੀ ਗੱਲ ਹੈ, ਪਰੰਤੂ ਇਨ੍ਹਾਂ ਦੀ ਵਜ੍ਹਾ ਨਾਲ 2030 ਤੱਕ ਦੁਨੀਆ ਵਿੱਚ ਦੋ ਕਰੋੜ ਲੋਕਾਂ ਦੀਆਂ ਨੌਕਰੀਆਂ ਜਾ ਸਕਦੀਆਂ ਹਨ।

ਇਹ ਖੁਲਾਸਾ ਆਕਸਫੋਰਡ ਇਕਨੋਮਿਕਸ ਦੀ ਰਿਪੋਰਟ ਵਿੱਚ ਹੋਇਆ ਹੈ। ਆਕਸਫੋਰਡ ਇਕਨੋਮਿਕਸ ਅਗਾਊਂ ਅਨੁਮਾਨ ਅਤੇ ਵਿਸ਼ਲੇਸ਼ਣ ਜਾਰੀ ਕਰਨ ਵਾਲੀ ਅੰਤਰਰਾਸ਼ਟਰੀ ਫਰਮ ਹੈ। ਰਿਪੋਰਟ ਮੁਤਾਬਕ ਮਸ਼ੀਨਾਂ ਦੇ ਰੇਟ ਘਟਨ ਦੇ ਕਾਰਨ ਰੋਬੋਟ ਬਹੁਤ ਸਾਰੇ ਕਰਮਚਾਰੀਆਂ ਦੇ ਮੁਕਾਬਲੇ ਸਸਤੇ ਹੋ ਗਏ ਹਨ। 2011 ਤੋਂ 2016 ਵਿਚਾਲੇ ਇੱਕ ਰੋਬੋਟ ਦੀ ਔਸਤ ਕੀਮਤ ਵਿੱਚ 11 ਫੀਸਦੀ ਕਮੀ ਆਈ। ਰੋਬੋਟ ਵੱਖ-ਵੱਖ ਹਾਲਾਤਾਂ ਵਿੱਚ ਜ਼ਿਆਦਾ ਬਿਹਤਰ ਤਰੀਕੇ ਨਾਲ ਕੰਮ ਕਰਨ ਦੇ ਸਮਰੱਥ ਹਨ। ਦੂਜੇ ਪਾਸੇ ਮਸ਼ੀਨ ਨਾਲ ਤਿਆਰ ਸਾਮਾਨ ਦੀ ਮੰਗ ਵੀ ਵਧ ਰਹੀ ਹੈ। ਆਕਸਫੋਰਡ ਇਕਨੋਮਿਕਸ ਦੇ ਮੁਤਾਬਕ ਗਲੋਬਲ ਮੈਨੂਫੈਕਚਰਿੰਗ ਵਿੱਚ ਮੋਹਰੀ ਬਣਨ ਲਈ ਚੀਨ ਰੋਬੋਟਸ ਦੀ ਗਿਣਤੀ 1.4 ਕਰੋੜ ਪਹੁੰਚ ਸਕਦੀ ਹੈ। ਇਹ ਦੁਨੀਆ ਦੇ ਬਾਕੀ ਦੇਸ਼ਾਂ ਦੀ ਇੰਡਸਟਰੀਜ਼ ਵਿੱਚ ਰੋਬੋਟਸ ਦੀ ਗਿਣਤੀ ਦੇ ਮੁਕਾਬਲੇ ਕਾਫੀ ਜ਼ਿਆਦਾ ਹੋਵੇਗੀ।

ਆਕਸਫੋਰਡ ਇਕਨੋਮਿਕਸ ਦਾ ਅਨੁਮਾਨ ਹੈ ਕਿ 2030 ਤੱਕ ਰੋਬੋਟਸ ਇੰਸਟਾਲੇਸ਼ਨ ਵਿੱਚ 30 ਫੀਸਦੀ ਵਾਧੇ ਨਾਲ ਦੁਨੀਆ ਦੀ ਡੀ ਜੀ ਪੀ ਵਿੱਚ 5.3 ਫੀਸਦੀ (4.9 ਟ੍ਰਿਲੀਅਨ ਡਾਲਰ) ਦਾ ਇਜਾਫਾ ਹੋਵੇਗਾ। ਇਹ 2030 ਵਿੱਚ ਜਰਮਨੀ ਦੀ ਅਨੁਮਾਨਿਤ ਜੀ ਡੀ ਪੀ ਤੋਂ ਵੀ ਜ਼ਿਆਦਾ ਹੈ।

# ਅਫਰੀਕਾ ਵਿੱਚ ਜਨਮ ਦਰ ਵਿੱਚ ਤੇਜ਼ੀ ਨਾਲ ਗਿਰਾਵਟ ਹੋਣ ਵਾਲੀ ਸੰਭਾਵਨਾ

ਜੋਹਨਸਬਰਗ, 27 ਜੂਨ (ਪੋਸਟ ਬਿਊਰੋ)- ਦੁਨੀਆ ਵਿੱਚ ਜਿੱਥੇ ਭਾਰਤ ਸਮੇਤ ਜ਼ਿਆਦਾਤਰ ਦੇਸ਼ ਵਧਦੀ ਆਬਾਦੀ ਦੀ ਸਮੱਸਿਆ ਨਾਲ ਜੂਝ ਰਹੇ ਹਨ ਉਥੇ ਅਫਰੀਕਾ ਵਿੱਚ ਪਹਿਲਾਂ ਦੇ ਮੁਕਾਬਲੇ ਜਨਮ ਦਰ ਵਿੱਚ ਤੇਜ਼ੀ ਨਾਲ ਗਿਰਾਵਟ ਆ ਸਕਦੀ ਹੈ ਅਤੇ ਇਸ ਬਾਰੇ ਚਿੰਤਾ ਕੀਤੀ ਜਾ ਰਹੀ ਹੈ। ਇੱਕ ਰਿਪੋਰਟ ਮੁਤਾਬਕ ਦੁਨੀਆ ਭਰ ਵਿੱਚ ਜਨਮ ਦਰ ਘਟ ਰਹੀ ਹੈ, ਪਰ ਲੋਕਾਂ ਦੀ ਔਸਤ ਉਮਰ ਵਧਦੀ ਹੈ। ਇਸ ਕਾਰਨ ਆਬਾਦੀ ਵਧਣ ਦਾ ਸਿਲਸਿਲਾ ਜਾਰੀ ਹੈ। ਅਨੁਮਾਨ ਹੈ ਕਿ 2100 ਤੱਕ ਦੁਨੀਆ ਦੀ ਆਬਾਦੀ 11 ਅਰਬ ਨੂੰ ਛੂਹ ਲਵੇਗੀ। ਉਥੇ ਇਸ ਸਮੇਂ ਦੁਨੀਆ ਵਿੱਚ ਸਭ ਤੋਂ ਵੱਧ ਆਬਾਦੀ ਵਾਲੇ ਦੇਸ਼ ਚੀਨ ਦੀ ਜਨ ਸੰਖਿਆ 2019 ਤੋਂ 2050 ਦਰਮਿਆਨ 3.14 ਕਰੋੜ ਘੱਟ ਹੋ ਸਕਦੀ ਹੈ। ਜਨਮ ਦਰ ਵਿੱਚ ਕਮੀ ਨਾਲ ਦੁਨੀਆ ਦੇ 27 ਦੇਸ਼ਾਂ ਜਾਂ ਖੇਤਰਾਂ ਦੀ ਜਨ ਸੰਖਿਆ ਵਿੱਚ 2010 ਤੋਂ ਘੱਟ ਤੋਂ ਘੱਟ ਇੱਕ ਫੀਸਦੀ ਕਮੀ ਆਈ ਹੈ।

Honesty, Reliability, Commitment
Hira Randhawa
Broker
• 1 yr Home Warranty • Appliances & Furniture
• 40% Discount on Brand Name • Free Evaluation & Lowest Commission
www.hirarandhawa.com
hirarandhawa@yahoo.ca
"OPEN HOUSE UNTIL SOLD"
For all your Real Estate needs: 416.319.0551 or 905.913.8585
$634,900 Sandalwood & Conestoga: Stunning Detached Home With Single Car Garage, 3 Bedroom, 2 Washrooms, Fully Renovated Top To Bottom To Thousands Spent On Renovation, Nestled On A Quiet, Family Friendly Street Close To Park, School, Hwy 410, Shopping, School & Other Amenities.
$729,900 Dixie/Octillo: Immaculate 3 Bedroom Semi With 1 Br Fin Basement On A 30 Ft Lot . Hardwood Flooring (No Carpet In Entire House), Separate Living/Family, Eat-In-Kitchen, 2 Full Washrooms On 2nd Floor, Extended Driveway ,Concrete Work On Side And Backyard And Much More!
$739,913 Charleston Side Rd/Main St.: Detached Home On Well Landscaped. Huge Corner Lot W/Private Backyard In Historic Town Of Alton With Finished Double Car Garage. 3 Bedroom Upstairs, 2 Full Washrooms W/4 Pc Bath, Master Bedroom, New Roof 2018 & etc.
$775,000 Charolais/Chinguacousy Rd: Renovated Bungalow, 3 Good Size Bedrooms Plus Den + 2 Bed Finished Basement W/Separate Entrance With Appliances, New Upgraded Kitchen + 3 Newly Renovated Bathrooms + New Hardwood Floors Very Close To Hwy, etc.
Call For: RESP, SUPER -VISA,& TRAVEL Insurance
H.Randhawa
416-319-0551

FIRST CHOICE FINANCIAL LIMITED
TRUCK LOANS
ਟਰੱਕ ਲੋਨ ਅਪਰੂਵਲ ਸਿਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟਰੱਕ ਤੇ ਟ੍ਰੇਲਰ ਦੀ Financing
○ Low Down payment/Flexible Terms
○ Large Inventory of New Trucks & Trailers
○ Quick Approvals ○ Honest Service
○ Best Rate in Town ○ Offices all over Canada
For more Information Contact
Rajdeep: 647.707.4167
Office: 905.678.2424

BEST TRUCK REPAIR & TIRE CENTRE
We also Specialize in Engine, AC, Transmission, Differential Rebuild, Safety Inspection & All Kinds of Electric Work
ਕਾਰਾਂ ਤੇ ਟਰਕਾਂ ਦੀ ਸਸਤੀ ਏ-ਸੀ ਰਿਪੇਅਰ। ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ
SPECIAL ON TRUCK ALIGNMENT BRAND NEW MACHINES 2018
Brake & Drum - On Special Sale! Made in U.S
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲ੍ਹਾ Spring Sale
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

# ਸੜਕਾਂ ਉੱਤੇ ਨਮਾਜ਼ ਵਿਰੁੱਧ ਭਾਜਪਾ ਵਾਲਿਆਂ ਵੱਲੋਂ ਸੜਕਾਂ ਉੱਤੇ ਹਨੂਮਾਨ ਚਾਲੀਸਾ ਦਾ ਪਾਠ

ਕੋਲਕਾਤਾ, 27 ਜੂਨ (ਪੋਸਟ ਬਿਊਰੋ)- ਪੱਛਮੀ ਬੰਗਾਲ ਵਿਚ ਤ੍ਰਿਣਮੂਲ ਕਾਂਗਰਸ ਤੇ ਭਾਜਪਾ ਵਿਚਾਲੇ ਚੱਲਦੀ ਸਿਆਸੀ ਜੰਗ ਧਾਰਮਕ ਰੰਗ ਲੈਂਦੀ ਜਾਂਦੀ ਹੈ। ਹਾਵੜਾ ਦੇ ਬਾਲੀਖਾਲ ਨੇੜੇ ਮੰਗਲਵਾਰ ਦੇਰ ਰਾਤ ਭਾਜਪਾ ਯੁਵਾ ਮੋਰਚਾ ਦੇ ਪ੍ਰਧਾਨ ਓਮ ਪ੍ਰਕਾਸ਼ ਅਤੇ ਪ੍ਰਿਅੰਕਾ ਸ਼ਰਮਾ ਦੀ ਅਗਵਾਈ ਵਿਚ ਸੈਂਕੜੇ ਲੋਕਾਂ ਨੇ ਹਨੂਮਾਨ ਚਾਲੀਸਾ ਦਾ ਪਾਠ ਕੀਤਾ, ਇਸ ਕਾਰਨ ਕਈ ਘੰਟੇ ਤੱਕ ਰਸਤਾ ਬੰਦ ਰਿਹਾ ਅਤੇ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ।

ਇਸ ਬਾਰੇ ਭਾਜਪਾ ਯੁਵਾ ਮੋਰਚਾ ਦੇ ਪ੍ਰਧਾਨ ਓਮ ਪ੍ਰਕਾਸ਼ ਦਾ ਕਹਿਣਾ ਹੈ ਕਿ ਜਦੋਂ ਇਕ ਧਰਮ ਦੇ ਲੋਕ ਸ਼ੁੱਕਰਵਾਰ ਦੇ ਦਿਨ ਰਸਤੇ ਉੱਤੇ ਬੈਠ ਕੇ ਨਮਾਜ਼ ਪੜ੍ਹ ਸਕਦੇ ਹਨ ਤਾਂ ਅਸੀਂ ਹਨੂਮਾਨ ਚਾਲੀਸਾ ਕਿਉਂ ਨਹੀਂ ਪੜ੍ਹ ਸਕਦੇ? ਅੱਗੇ ਲਈ ਹਾਵੜਾ ਵਿਚ ਹਰ ਮੰਗਲਵਾਰ ਵੱਖ ਵੱਖ ਥਾਵਾਂ ਉੱਤੇ ਹਨੂਮਾਨ ਚਾਲੀਸਾ ਪੜ੍ਹੀ ਜਾਵੇਗੀ।

ਵਰਨਣ ਯੋਗ ਹੈ ਕਿ ਲੋਕ ਸਭਾ ਚੋਣਾਂ ਤੋਂ ਬਾਅਦ ਭਾਜਪਾ ਅਤੇ ਤ੍ਰਿਣਮੂਲ ਕਾਂਗਰਸ ਵਿਚ ਸਿਆਸੀ ਜੰਗ ਚੱਲ ਰਹੀ ਹੈ। ਇਨ੍ਹਾਂ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਇਹ ਜੰਗ ਧਾਰਮਕ ਵੀ ਹੋ ਗਈ ਹੈ। ਪਿੱਛੇ ਜਿਹੇ ਬਾਂਕੁਰਾ ਜ਼ਿਲ੍ਹੇ ਵਿਚ ਪੁਲਿਸ ਫਾਇਰਿੰਗ ਵਿਚ ਇਕ ਸਕੂਲੀ ਵਿਦਿਆਰਥਣ ਤੇ ਦੋ ਭਾਜਪਾ ਵਰਕਰ ਜ਼ਖਮੀ ਹੋ ਗਏ ਸਨ। ਭਾਜਪਾ ਦਾ ਦੋਸ਼ ਇਹ ਹੈ ਕਿ ਇਲਾਕੇ ਵਿਚ 'ਜੈ ਸ੍ਰੀ ਰਾਮ' ਦਾ ਨਾਅਰਾ ਲਾਉਣ ਪਿੱਛੋਂ ਪੁਲਿਸ ਫਾਇਰਿੰਗ ਵਿਚ ਉਨ੍ਹਾਂ ਦੇ ਦੋ ਵਰਕਰ ਜ਼ਖਮੀ ਹੋਏ ਅਤੇ 14 ਸਾਲ ਦਾ ਇਕ ਲੜਕਾ ਜ਼ਖਮੀ ਹੋਇਆ ਹੈ।

HOMELIFE SILVERCITY
Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

INTERSTATE FREIGHT SYSTEMS INC.
A/Z ਡਰਾਈਵਰਾਂ ਦੀ ਲੋੜ
USA, Montreal, Montreal Local Within Ontario ਤੇ Local GTA ਤੇ Cambridge ਵਾਸਤੇ AZ ਡਰਾਇਵਰਾਂ ਦੀ ਲੋੜ ਹੈ
Also Hiring Owner Operators for local work & US
○ 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
○ ਡਰਾਇਵਰਾਂ ਦਾ CVOR Abstract ਚਾਹੀਦਾ ਹੈ
Please send resume at:
safety@interstatefreightsystem.com
Call: 416-452-0677

NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS | CRUISES | VACATIONS | TRAVEL INSURANCE
International & Domestic Air Tickets
• Cheapest Air Fares
• Price Match Guaranteed
• 24/7 Emergency Services
• Reliable & Excellent Customer Service
• 100% Customer Satisfaction
Travel Worry Free With Insurance
• Super Visa Insurance
• Visitor to Canada
• Trip Cancellation
• Trip Interruption
Manulife
Call Us For Guaranteed Lowest Airfare
ANY Airline Time Destination Around the World
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com
E-mail- info@nuwaytravels.com

APEX CONCRETE & LANDSCAPE
RESIDENTIAL & COMMERCIAL
Add Value to your Home by Offering Beautiful High Quality Landscaping and Concrete Work at an Affordable Prize
FREE ESTIMATE
Limited Life Time Warranty
• STAMP CONCRETE • INTERLOCK • DRIVEWAY
• PLAIN CONCRETE • LAND SCAPE • SIDEWALK
• STEPS/SIDE ENTRANCE • SODING • PATIO
647-575-6102
Email: apexconstruc16@gmail.com
Laddi

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
$1,000
A-1 RENOVATION GTA INC.
22 Listcreek Road, Brampton L6p 2n6

GF1 Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

V4U LOGISTIC INC.
Delivering "Satisfaction"... On Time Every Time
NOW HIRING
A/Z Drivers Needed
For Canada To US Runs
Local City Drivers @ 22/hr
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
* Disability Insurance
* Travel Insurance
* Medical Benefits
* Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!
Looking for Experienced:
○ Machine Operators ○ AZ-DZ Drivers
○ Forklift Driver ○ Machine Mechanic
○ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL
PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਬਾਲੀਵੁੱਡ ਨੇ ਮੇਰੇ ਜਿਹੇ ਐਕਟਰ ਸਿਰ ਮੱਥੇ ਸਵੀਕਾਰੇ : ਦਿਲਜੀਤ ਦੁਸਾਂਝ



ਦਿਲਜੀਤ ਦੁਸਾਂਝ ਪੰਜਾਬੀ ਫਿਲਮਾਂ ਦਾ ਵੱਡਾ ਨਾਂਅ ਹੈ। ਹਿੰਦੀ ਫਿਲਮਾਂ ਵਿੱਚ ਉਨ੍ਹਾਂ ਦੀ ਗਾਇਕੀ ਅਤੇ ਐਕਟਿੰਗ ਦੀ ਲੋਕ ਪ੍ਰਸ਼ੰਸਾ ਕਰ ਰਹੇ ਹਨ। ਹਿੰਦੀ ਵਿੱਚ ਉਨ੍ਹਾਂ ਦੀ ਝੋਲੀ ਵਿੱਚ ਦੋ ਫਿਲਮਾਂ 'ਅਰਜੁਨ ਪਟਿਆਲਾ', 'ਗੁਡ ਨਿਊਜ਼' ਵੀ ਹਨ। ਹਾਲ ਹੀ ਵਿੱਚ ਉਸ ਨੇ ਇੱਕ ਮੁਹਿੰਮ ਦਾ ਆਗਾਜ਼ ਕੀਤਾ ਹੈ। ਇਸ ਖਾਸ ਮੁਲਾਕਾਤ ਵਿੱਚ ਉਨ੍ਹਾਂ ਨੇ ਪੰਜਾਬੀ ਸਿਨੇਮਾ ਨੂੰ ਉਚਾਈਆਂ ਤੱਕ ਲੈ ਜਾਣ ਬਾਰੇ ਗੱਲਬਾਤ ਕੀਤੀ। ਪੇਸ਼ ਉਸੇ ਗੱਲਬਾਤ ਦੇ ਕੁਝ ਅੰਸ਼ :

* ਤੁਹਾਡੀਆਂ ਸਾਰੀਆਂ ਪੰਜਾਬੀ ਫਿਲਮਾਂ ਹਿੱਟ ਰਹੀਆਂ ਹਨ। ਕੀ ਮੈਜਿਕ ਮੰਨਦੇ ਹੋ?

– ਮੈਨੂੰ ਲੱਗਦਾ ਹੈ ਕਿ ਲੋਕ ਮੇਰੇ ਕਿਰਦਾਰਾਂ ਨਾਲ ਕਨੈਕਟ ਮਹਿਸੂਸ ਕਰਦੇ ਹਨ। ਮੇਰੇ ਨਿਭਾਇਆ ਕਿਰਦਾਰ ਨੌਜਵਾਨਾਂ ਨੂੰ ਆਪਣੀ ਮਿੱਟੀ ਦਾ ਲੱਗਦਾ ਹੈ। ਵੱਡੇ ਬਜ਼ੁਰਗਾਂ ਨੂੰ ਉਹ ਕਿਰਦਾਰ ਆਪਣੇ ਬੱਚਿਆਂ ਵਾਂਗ ਲੱਗਦੇ ਹਨ। ਛੋਟੇ ਬੱਚੇ ਵਾਲੀ ਦਰਸ਼ਕ ਬਿਰਾਦਰੀ ਨੂੰ ਲੱਗਦਾ ਹੈ ਕਿ ਹੀਰੋ ਹੀਰੋਇਨ ਦੀਆਂ ਹਰਕਤਾਂ ਤਾਂ ਉਨ੍ਹਾਂ ਵਾਂਗ ਹਨ। ਸਾਫ ਹੈ ਕਿ ਲੋਕਾਂ ਨੂੰ ਮੇਰੇ ਕਿਰਦਾਰਾਂ ਵਿੱਚ ਅਪਨਾਪਣ ਲੱਗਦਾ ਰਿਹਾ ਹੈ। ਇੱਕ ਕਲਾਕਾਰ ਦੀ ਅਸਲ ਜਿੱਤ ਇਸੇ ਵਿੱਚ ਹੈ ਕਿ ਉਸ ਦੇ ਕਿਰਦਾਰਾਂ ਨੂੰ ਲੋਕ ਪਿਆਰ ਕਰ ਬੈਠਣ। ਸਾਡੀਆਂ ਫਿਲਮਾਂ ਪੂਰੀ ਫੈਮਿਲੀ ਇੰਜੁਆਏ ਕਰ ਲੈਂਦੀ ਹੈ। ਲਿਹਾਜਾ ਇਹੀ ਸ਼ਾਇਦ ਮੇਰੀਆਂ ਫਿਲਮਾਂ ਦੀ ਸਫਲਤਾ ਦੀ ਵਜ੍ਹਾ ਰਹੀ ਹੈ।

* ਕੀ ਲੱਗਦਾ ਹੈ ਪੰਜਾਬ ਦੇ ਸਮਾਜ ਵਿੱਚ ਉਥੋਂ ਦੀਆਂ ਲੜਕੀਆਂ 'ਤੇ ਹਰ ਹਾਲ ਵਿੱਚ ਵਿਆਹ ਕਰਨ ਦੇ ਦਬਾਅ ਅੱਜ ਵੀ ਹੁੰਦੇ ਹਨ?

– ਸਿਰਫ ਪੰਜਾਬ ਵਿੱਚ ਹੀ ਨਹੀਂ, ਬਾਕੀ ਦੇਸ਼ ਦੁਨੀਆ ਇਥੋਂ ਤੱਕ ਕਿ ਵੈਸਟ ਵਿੱਚ ਵੀ ਲੜਕੀਆਂ 'ਤੇ ਹਰ ਹਾਲ ਵਿੱਚ ਵਿਆਹ ਲਈ ਦਬਾਅ ਹੁੰਦੇ ਹਨ। ਇਹ ਲੋਕਾਂ ਦੀ ਦਿਮਾਗੀ ਸੋਚ ਨਾਲ ਜੁੜਿਆ ਮਾਮਲਾ ਹੈ। ਇਸ ਵਿੱਚ ਅਸੀਂ ਤੁਸੀਂ ਕੀ ਕਰ ਸਕਦੇ ਹਾਂ। ਅੱਜ ਕੱਲ੍ਹ ਹੌਲੀ ਹੌਲੀ ਹਾਲਾਤ ਬਦਲ ਰਹੇ ਹਨ। ਇਹ ਹੋਣਾ ਵੀ ਚਾਹੀਦੈ, ਕਿਉਂਕਿ ਲੜਕੀ ਨੂੰ ਹੱਕ ਹੈ ਕਿ ਉਹ ਆਪਣੇ ਪੈਰਾਂ 'ਤੇ ਖੜ੍ਹੀ ਹੋ ਜਾਏ ਤਾਂ ਹੀ ਵਿਆਹ ਕਰੇ।

* ਸਿੰਗਿੰਗ ਨੂੰ ਮਿਸ ਕਰਦੇ ਹੋ? ਫਿਲਮਾਂ ਨੂੰ ਚੂਜ਼ ਕਰਨ ਬਾਰੇ ਕੀ ਸਟ੍ਰੈਟਜੀ ਰਹਿੰਦੀ ਹੈ?

– ਅੱਜ ਕੱਲ੍ਹ ਮਿਊਜ਼ਿਕ ਨੂੰ ਮਿਸ ਕਰਦਾ ਹਾਂ। ਰੋਜ਼ ਪ੍ਰੈਕਟਿਸ ਨਹੀਂ ਕਰਨਾ ਥੋੜ੍ਹਾ ਮੁਸ਼ਕਲ ਹੈ। ਹਾਲਾਂਕਿ ਅਦਾਕਾਰੀ ਦੇ ਫ੍ਰੰਟ 'ਤੇ ਸਕ੍ਰਿਪਟ ਸੁਣ ਕੇ ਤੈਅ ਕਰਦਾ ਹਾਂ ਕਿ ਫਿਲਮ ਕਰਨੀ ਕਿ ਨਹੀਂ। ਜਿਨ੍ਹਾਂ ਚੀਜ਼ਾਂ ਨੂੰ ਕਰਨ ਨੂੰ ਜਮੀਰ ਨਹੀਂ ਮੰਨਦਾ, ਉਹ ਮੈਂ ਨਹੀਂ ਕਰਦਾ। ਅਜੇ ਹਾਲ ਹੀ ਵਿੱਚ ਮੈਂ ਇੱਕ ਵੱਡੇ ਪ੍ਰੋਡਕਸ਼ਨ ਹਾਊਸ ਦੀ ਫਿਲਮ ਛੱਡ ਦਿੱਤੀ ਹੈ। ਕਿਉਂਕਿ ਉਸ ਦਾ ਕਿਰਦਾਰ ਮੈਨੂੰ ਪਸੰਦ ਨਹੀਂ ਆਇਆ।

* ਪਾਲੀਵੁੱਡ ਦੇ ਮੁਕਾਬਲੇ ਬਾਲੀਵੁੱਡ ਦੀ ਕੀ ਗੱਲ ਤੁਹਾਨੂੰ ਚੰਗੀ ਲੱਗੀ?

– ਬਾਲੀਵੁੱਡ ਦੀਆਂ ਫਿਲਮਾਂ ਦੇਖਣ ਵਾਲੇ ਲੋਕ ਵੱਧ ਹਨ। ਉਨ੍ਹਾਂ ਦੀ ਪਹੁੰਚ ਵੱਡੀ ਹੈ। ਉਥੇ ਪੰਜਾਬੀ ਫਿਲਮਾਂ ਵੀ ਕਿਤੇ ਤੋਂ ਘੱਟ ਨਹੀਂ ਹੁੰਦੀਆਂ ਹਨ, ਪਰ ਭਾਸ਼ਾਈ ਹੱਦ ਦੇ ਕਾਰਨ ਉਨ੍ਹਾਂ ਦੀ ਪਹੁੰਚ ਘੱਟ ਹੈ। ਦੋਵਾਂ ਥਾਵਾਂ ਦੀ ਫਿਲਮਾਂ ਵਿੱਚ ਓਨੀ ਹੀ ਮਿਹਨਤ ਹੈ। ਇਹ ਜ਼ਰੂਰ ਹੈ ਕਿ ਬਾਲੀਵੁੱਡ ਨੇ ਮੈਨੂੰ ਹੱਥੋ-ਹੱਥੀਂ ਐਕਸੈਪਟ ਕੀਤਾ ਹੈ। ਇਹ ਬਹੁਤ ਵੱਡੀ ਗੱਲ ਹੈ।

## ਮਿਹਨਤ ਕਰ ਸਕਦਾ ਹਾਂ ਸਮਝੌਤਾ ਨਹੀਂ : ਰਣਵੀਰ ਸਿੰਘ

ਪਿਛਲੇ ਕੁਝ ਸਮੇਂ ਤੋਂ ਖਾਨ ਐਕਟਰਾਂ ਦੀਆਂ ਫਿਲਮਾਂ ਬਾਕਸ ਆਫਿਸ 'ਤੇ ਓਦਾਂ ਦਾ ਕ੍ਰਿਸ਼ਮਾ ਨਹੀਂ ਕਰ ਰਹੀਆਂ, ਜਿੱਦਾਂ ਦਾ ਪਹਿਲਾਂ ਕਰਦੀਆਂ ਸਨ। ਅਜਿਹੇ ਵਿੱਚ ਇਕਲੌਤੇ ਰਣਵੀਰ ਸਿੰਘ ਹਨ ਜਿਨ੍ਹਾਂ ਦੀਆਂ ਜ਼ਬਰਦਸਤ ਬਿਜ਼ਨਸ ਕਰ ਰਹੀਆਂ ਹਨ। ਬਾਕਸ ਆਫਿਸ ਸਫਲਤਾ ਦੇ ਪੱਖ ਤੋਂ ਅਕਸ਼ੈ ਕੁਮਾਰ, ਅਜੈ ਦੇਵਗਨ ਅਤੇ ਰਣਬੀਰ ਕਪੂਰ ਵਰਗੇ ਸਟਾਰ ਵੀ ਰਣਵੀਰ ਸਿੰਘ ਦੇ ਮੁਕਾਬਲੇ ਪਿੱਛੇ ਹਨ। ਰਣਵੀਰ ਸਿੰਘ, ਕਬੀਰ ਖਾਨ ਦੇ ਨਿਰਦੇਸ਼ਨ ਵਿੱਚ 1983 ਵਿੱਚ ਕ੍ਰਿਕਟ ਦੇ ਵਰਲਡ ਕੱਪ ਦੀ ਜਿੱਤ 'ਤੇ ਆਧਾਰਤ '83' ਕਰ ਰਹੇ ਹਨ। ਇਹ ਭਾਰਤੀ ਟੀਮ ਦੇ ਤਤਕਾਲੀ ਕਪਤਾਨ ਕਪਿਲ ਦੇਵ ਦੇ ਜੀਵਨ 'ਤੇ ਆਧਾਰਤ ਹੈ। '83' ਵਿੱਚ ਰਣਵੀਰ ਸਿੰਘ 'ਕਪਿਲ ਦੇਵ' ਦਾ ਕਿਰਦਾਰ ਕਰ ਰਹੇ ਹਨ। ਪੇਸ਼ ਹਨ ਰਣਵੀਰ ਸਿੰਘ ਹੋਈ ਗੱਲਬਾਤ ਦੇ ਕੁਝ ਅੰਸ਼ :

* ਤੁਸੀਂ ਨਾ ਸਿਰਫ ਆਪਣੇ ਕਿਰਦਾਰਾਂ ਦੇ ਜ਼ਰੀਏ, ਬਲਕਿ ਨਿੱਜੀ ਜ਼ਿੰਦਗੀ ਵਿੱਚ ਹਰ ਵਕਤ ਡਿਫਰੈਂਟ ਲੁਕ ਦੇ ਜ਼ਰੀਏ ਲੋਕਾਂ ਨੂੰ ਹੈਰਾਨ ਕਰ ਰਹੇ ਹੋ?

– ਮੈਨੂੰ ਲੱਗਦਾ ਹੈ ਕਿ ਇਸ ਤਰ੍ਹਾਂ ਦੇਖ ਕੇ, ਲੋਕਾਂ ਨੂੰ ਖੁਸ਼ੀ ਹੁੰਦੀ ਹੈ ਅਤੇ ਦੂਸਰਿਆਂ ਨੂੰ ਖੁਸ਼ ਦੇਖ ਕੇ ਮੈਨੂੰ ਵੀ ਬੇਇੰਤਹਾ ਖੁਸ਼ੀ ਹੁੰਦੀ ਹੈ। ਮੈਂ ਚਾਹੁੰਦਾ ਹਾਂ ਕਿ ਬੈਸਟ ਐਕਟਰ ਦੇ ਨਾਲ-ਨਾਲ ਮੈਂ ਇੱਕ ਬੈਸਟ ਇੰਟਰਟੇਨਰ ਦੇ ਰੂਪ ਵਿੱਚ ਵੀ ਪਛਾਣਿਆ ਜਾਵਾਂ।

* ਫਿਲਮਾਂ ਵਿੱਚ ਕੰਮ ਕਰਨ ਵਾਲੇ ਲੋਕ ਅਕਸਰ ਕਹਿੰਦੇ ਹਨ ਕਿ ਉਨ੍ਹਾਂ ਨੂੰ ਬਾਕਸ ਆਫਿਸ ਦੀ ਪ੍ਰਵਾਹ ਨਹੀਂ ਹੁੰਦੀ। ਕੀ ਤੁਹਾਡੀ ਸੋਚ ਵੀ ਇਸੇ ਤਰ੍ਹਾਂ ਦੀ ਹੈ?

– ਨਹੀਂ, ਇਸ ਦੇ ਉਲਟ ਮੈਨੂੰ ਲੱਗਦਾ ਹੈ ਕਿ ਏਦਾਂ ਕਹਿ ਕੇ ਲੋਕ ਸਫੇਦ ਝੂਠ ਬੋਲਦੇ ਹਨ। ਸੱਚ ਹੈ ਕਿ ਫਿਲਮ ਨਾਲ ਜੁੜੇ ਹਰ ਸ਼ਖਸ ਨੂੰ ਬਾਕਸ ਆਫਿਸ ਨਾਲ ਮਤਲਬ ਹੁੰਦਾ ਹੈ ਅਤੇ ਚਿੰਤਾ ਵੀ ਕਿਉਂਕਿ ਫਿਲਮਾਂ ਬੇਸ਼ੱਕ ਅਲੱਗ ਅਲੱਗ ਕਾਰਨਾਂ ਨਾਲ ਬਣਾਈਆਂ ਜਾ ਸਕਦੀਆਂ, ਪਰ ਬਿਜ਼ਨਸ ਦੇ ਪਹਿਲੂ ਨੂੰ ਕਦੇ ਨਜ਼ਰ ਅੰਦਾਜ਼ ਨਹੀਂ ਕੀਤਾ ਜਦਾ ਸਕਦਾ। ਬਾਕਸ ਆਫਿਸ ਨੂੰ ਅਲੱਗ ਰੱਖ ਕੇ ਕਿਸੇ ਵੀ ਦੌਰ ਵਿੱਚ ਫਿਲਮਾਂ ਦੇ ਬਾਰੇ ਸੋਚਿਆ ਨਹੀਂ ਜਾ ਸਕਦਾ। ਬਾਕਸ ਆਫਿਸ 'ਤੇ ਨੰਬਰ ਆਉਣ ਦੇ ਬਾਅਦ ਹੀ ਮੈਨੂੰ ਪਤਾ ਲੱਗਦਾ ਹੈ ਕਿ ਮੈਂ ਕਿੰਨਾ ਚੰਗਾ ਜਾਂ ਖਰਾਬ ਕੰਮ ਕਰ ਰਿਹਾ ਹਾਂ।

* ਜਦ ਕਿਸੇ ਦੂਸਰੇ ਸਾਥੀ ਕਲਾਕਾਰ ਦੀ ਫਿਲਮ ਬਾਕਸ ਆਫਿਸ 'ਤੇ ਵਧੀਆ ਪ੍ਰਦਰਸ਼ਨ ਨਹੀਂ ਕਰਦੀ, ਤਦ ਕਿਸ ਤਰ੍ਹਾਂ ਦੀ ਫੀਲਿੰਗਜ਼ ਮਨ ਵਿੱਚ ਆਉਂਦੀ ਹੈ?

– ਕਿਉਂਕਿ, ਮੈਂ ਇਸ ਫਿਲਮ ਇੰਡਸਟਰੀ ਨਾਲ ਸੰਬੰਧ ਰੱਖਦਾ ਹਾਂ ਇਸ ਲਈ ਕਿਸੇ ਦੂਸਰੇ ਐਕਟਰ ਦੀ ਮੂਵੀ ਵਧੀਆ ਪ੍ਰਦਰਸ਼ਨ ਨਹੀਂ ਕਰਦੀ ਤਾਂ ਤਦ ਵੀ ਚੰਗਾ ਨਹੀਂ ਲੱਗਦਾ। ਹਰ ਕਿਸੇ ਨੂੰ ਮੈਂ ਆਪਣੀ ਫਿਲਮ 'ਤੇ ਸਖਤ ਮਿਹਨਤ ਕਰਦੇ ਹੋਏ ਦੇਖਿਆ ਹੈ। ਮੈਂ ਚਾਹੁੰਦਾ ਹਾਂ ਕਿ ਸਾਰੀਆਂ ਫਿਲਮਾਂ ਚੰਗਾ ਪ੍ਰਦਰਸ਼ਨ ਕਰਨ, ਪ੍ਰੰਤੂ ਮੈਨੂੰ ਜ਼ਿਆਦਾ ਚੰਗਾ ਉਸੇ ਵਕਤ ਲੱਗਦਾ ਹੈ, ਜਦ ਮੇਰੀ ਫਿਲਮ ਚੰਗਾ ਪ੍ਰਦਰਸ਼ਨ ਕਰਦੀ ਹੈ।

* ਤੁਸੀਂ ਸੰਜੇ ਲੀਲਾ ਭੰਸਾਲੀ ਦੇ ਖਾਸਮਖਾਸ ਰਹੇ ਹੋ। ਅੱਜ ਕੱਲ੍ਹ ਤੁਸੀਂ ਕਰਣ ਜੌਹਰ ਵਰਗੇ ਮੇਕਰ ਦੀ ਲਿਸਟ ਵਿੱਚ ਵੀ ਸ਼ਾਮਲ ਹੋ ਚੁੱਕੇ ਹੋ। ਉਨ੍ਹਾਂ ਦੇ ਨਾਲ ਤੁਸੀਂ 'ਤਖਤ' ਕਰ ਰਹੇ ਹੋ। ਇਸ ਦੇ ਬਾਰੇ ਵਿੱਚ ਕੁਝ ਦੱਸੋ।

– ਇੱਕ ਲੰਬੇ ਸਮੇਂ ਤੋਂ ਮੈਂ ਕਰਣ ਜੌਹਰ ਨਾਲ ਕੰਮ ਕਰਨਾ ਚਾਹੁੰਦਾ ਸੀ। 'ਤਖਤ' ਦੇ ਜ਼ਰੀਏ ਇਹ ਸੰਭਵ ਹੋ ਸਕਿਆ। ਮੈਂ ਉਨ੍ਹਾਂ ਦੇ ਨਾਲ ਕੰਮ ਕਰ ਕੇ ਖੁਸ਼ ਹਾਂ। ਬਹੁਤ ਅਨੋਖੀ ਕਹਾਣੀ 'ਤੇ ਬਣ ਰਹੀ 'ਤਖਤ' ਵਿੱਚ, ਮੈਂ ਸ਼ਾਹਜਹਾਂ ਦੇ ਬੇਟੇ ਦਾਰਾ ਸ਼ਿਕੋਹ ਦਾ ਕਿਰਦਾਰ ਨਿਭਾ ਰਿਹਾ ਹਾਂ। ਮੈਂ ਖੁਸ਼ਕਿਸਮਤ ਹਾਂ, ਜੋ ਮੈਨੂੰ ਸੰਜੇ ਲੀਲਾ ਭੰਸਾਲੀ, ਰੋਹਿਤ ਸ਼ੈੱਟੀ ਅਤੇ ਜ਼ੋਇਆ ਅਖਤਰ ਵਰਗੇ ਦਰਸ਼ਕਾਂ ਦੇ ਨਾਲ ਕੰਮ ਕਰਨ ਦਾ ਮੌਕਾ ਮਿਲ ਰਿਹਾ ਹੈ।

* ਆਪਣੇ ਕਰੀਅਰ ਨੂੰ ਲੈ ਕੇ ਕਿੰਨੇ ਸੰਤੁਸ਼ਟ ਹੋ?

– ਮੈਨੂੰ ਨਾ ਤਾਂ ਆਪਣੇ ਕਰੀਅਰ ਤੋਂ ਅਤੇ ਨਾ ਜ਼ਿੰਦਗੀ ਤੋਂ ਕੋਈ ਖਾਹਿਸ਼ ਹੈ। ਮੈਂ ਪੂਰੀ ਤਰ੍ਹਾਂ ਸੰਤੁਸ਼ਟ ਹਾਂ। ਮੈਨੂੰ ਲੱਗਦਾ ਹੈ ਕਿ ਮੇਰੇ ਕਰੀਅਰ ਅਤੇ ਮੇਰੇ ਜੀਵਨ ਦਾ ਇਹ ਬੇਹੱਦ ਸ਼ਾਨਦਾਰ ਦੌਰ ਹੈ। ਦੋਵਾਂ ਹੀ ਮੋਰਚਿਆਂ 'ਤੇ ਮੈਂ ਹਰ ਦਿਨ ਹਰ ਸਮੇਂ ਕੁਝ ਨਵਾਂ ਸਿਖ ਰਿਹਾ ਹਾਂ। ਮੈਂ ਇਹ ਜਾਣਦਾ ਹਾਂ ਕਿ ਇਸ ਤੋਂ ਚੰਗਾ ਦੌਰ ਮੇਰੇ ਕਰੀਅਰ ਅਤੇ ਜ਼ਿੰਦਗੀ ਵਿੱਚ ਕਦੇ ਨਹੀਂ ਆਏਗਾ। ਇਸ ਗੱਲ ਨੂੰ ਲੈ ਕੇ ਕਦੇ ਕਦੇ ਚਿੰਤਤ ਵੀ ਹੋ ਜਾਂਦਾ ਹਾਂ।

# ਚਾਈਨੀਜ਼ ਫਿਲਮਾਂ ਵਿੱਚ ਵੀ ਕੰਮ ਕਰਨਾ ਚਾਹੁੰਦੀ ਹੈ ਯਾਮੀ ਗੌਤਮ



ਬਾਲੀਵੁੱਡ ਅਤੇ ਟਾਲੀਵੁੱਡ ਵਿੱਚ ਕੰਮ ਕਰ ਚੁੱਕੀ ਯਾਮੀ ਗੌਤਮ ਇਸ ਵਾਰੀ ਚਾਈਨੀਜ਼ ਫਿਲਮਾਂ ਵੱਲ ਰੁਖ਼ ਕਰਨਾ ਚਾਹੁੰਦੀ ਹੈ। ਉਹ ਖਾਸ ਤੌਰ ਉੱਤੇ ਉਥੋਂ ਦੀਆਂ ਮਾਰਸ਼ਲ ਆਰਟ ਫਿਲਮਾਂ ਕਰਨਾ ਚਾਹੁੰਦੀ ਹੈ। ਦਰਅਸਲ ਪਿਛਲੇ ਦਿਨੀਂ ਯਾਮੀ ਆਪਣੀ ਫਿਲਮ 'ਕਾਬਿਲ' ਦੇ ਪ੍ਰਮੋਸ਼ਨ ਦੇ ਲਈ ਚੀਨ ਗਈ ਸੀ। ਉਥੇ ਆਪਣੀ ਫੈਨ ਫਾਲੋਇੰਗ ਦੇਖ ਕੇ ਉਹ ਇੰਨੀ ਪ੍ਰਭਾਵਤ ਹੋਈ ਕਿ ਹੁਣ ਚਾਈਨੀਜ਼ ਮਾਰਸ਼ਲ ਆਰਟ ਫਿਲਮਾਂ ਕਰਨਾ ਚਾਹੁੰਦੀ ਹੈ। ਬਚਪਨ ਵਿੱਚ ਚਾਈਨੀਜ਼ ਫਿਲਮਾਂ ਦੀ ਫੈਨ ਰਹੀ ਯਾਮੀ ਚਾਈਨਾ ਵਿੱਚ ਪ੍ਰਮੋਸ਼ਨ ਦੇ ਦੌਰਾਨ ਚੀਨ ਵਿੱਚ ਚਾਈਨੀਜ਼ ਮਾਰਸ਼ਲ ਆਰਟ ਸਕੂਲ ਵਿੱਚ ਵੀ ਵਿਜ਼ਿਟ ਕੀਤਾ। ਇਸ ਤੋਂ ਚਾਈਨੀਜ਼ ਮਾਰਸ਼ਲ ਆਰਟ ਫਿਲਮਾਂ ਕਰਨ ਦੀ ਉਸ ਦੇ ਮਨ ਦੀ ਉਤਸੁਕਤਾ ਹੋਰ ਵਧ ਗਈ ਹੈ।

# ਜਾਹਨਵੀ ਕਪੂਰ ਦੀ ਫਿਲਮ ਦਾ ਨਾਂਅ ਬਦਲਿਆ



ਬਾਲੀਵੁੱਡ ਸਟਾਰ ਜਾਹਨਵੀ ਕਪੂਰ ਨੇ ਨਿਰਦੇਸ਼ਕ ਹਾਰਦਿਕ ਮਹਿਤਾ ਦੀ ਫਿਲਮ 'ਰੂਹੀ ਆਫਜ਼ਾ' ਦੀ ਸ਼ੂਟਿੰਗ ਸ਼ੁਰੂ ਕਰ ਦਿੱਤੀ ਹੈ। ਇਸ ਵਿੱਚ ਉਸ ਦੇ ਆਪੋਜ਼ਿਟ ਰਾਜਕੁਮਾਰ ਰਾਓ ਹਨ। ਇਸ ਸਾਲ ਦੇ ਸ਼ੁਰੂ ਵਿੱਚ ਜਦ ਫਿਲਮ ਦਾ ਐਲਾਨ ਕੀਤਾ ਗਿਆ ਤਾਂ ਇਸ ਦਾ ਸਿਰਲੇਖ 'ਰੂਹ ਆਫਜ਼ਾ' ਰੱਖਿਆ ਗਿਆ, ਪਰ ਅਚਾਨਕ ਫਿਲਮ ਦੇ ਸਿਰਲੇਖ ਵਿੱਚ 'ਰੂਹ' ਦੇ ਸਥਾਨ ਉਤੇ 'ਰੂਹੀ' ਕਰ ਦਿੱਤਾ ਗਿਆ। ਕਿਆਸ ਲਗਾਏ ਜਾ ਰਹੇ ਹਨ ਕਿ ਕਿਉਂਕਿ ਇਹ ਨਾਮ ਇੱਕ ਫੂਡ ਬ੍ਰਾਂਡ ਦੇ ਨਾਂਅ ਨਾਲ ਕਲੈਸ਼ ਕਰਦਾ ਹੈ, ਇਸ ਲਈ ਕੋਈ ਵਿਵਾਦ ਨਾ ਪੈਦਾ ਹੋਵੇ, ਇਸ ਲਈ ਇਸ ਨੂੰ ਬਦਲਿਆ ਗਿਆ। ਪ੍ਰੋਡਿਊਸਰ ਦਿਨੇਸ਼ ਵਿਜਨ ਨਵੇਂ ਸਿਰਲੇਖ ਬਾਰ ਕੁਝ ਨਹੀਂ ਕਹਿ ਰਹੇ। ਉਨ੍ਹਾਂ ਦਾ ਕਹਿਣਾ ਹੈ ਕਿ ਜਾਹਨਵੀ ਇਸ ਫਿਲਮ ਵਿੱਚ ਰੂਹੀ ਤੇ ਆਫਜ਼ਾ ਨਾਂਅ ਦੇ ਦੋ ਕਿਰਦਾਰ ਯਾਨੀ ਡਬਲ ਰੋਲ ਕਰ ਰਹੀ ਹੈ। ਅਜਿਹੇ ਵਿੱਚ ਸਵਾਲ ਉਠਦਾ ਹੈ ਕਿ ਪਹਿਲਾਂ ਹੀ ਫਿਲਮ ਦਾ ਨਾਂਅ 'ਰੂਹ ਆਫਜ਼ਾ' ਕਿਉਂ ਨਾ ਕਰ ਦਿੱਤਾ ਗਿਆ? ਫਿਲਮ ਦੀ ਕਹਾਣੀ ਇੱਕ ਭੂਤ ਦੇ ਆਲੇ ਦੁਆਲੇ ਘੁੰਮਦੀ ਹੈ, ਜੋ ਗਾਣਾ ਗਾ ਕੇ ਲਾੜਿਆਂ ਨੂੰ ਸੁਆ ਦਿੰਦਾ ਹੈ ਤੇ ਫਿਰ ਉਨ੍ਹਾਂ ਦੀਆਂ ਦੁਲਹਨਾਂ ਨੂੰ ਲੈ ਕੇ ਰਫੂਚੱਕਰ ਹੋ ਜਾਂਦਾ ਹੈ। ਅਜਿਹੇ ਵਿੱਚ ਪਿੰਡ ਦੀਆਂ ਔਰਤਾਂ ਲਾੜਿਆਂ ਨੂੰ ਜਗਾਉਣ ਦੇ ਯਤਨ ਕਰਦੀਆਂ ਰਹਿੰਦੀਆਂ ਹਨ।



Ontario

# Happy Canada Day!

Best Wishes from your local Members of Provincial Parliament



**Doug Ford**
MPP - Etobicoke North
www.fordmpp.ca



**Prabmeet Sarkaria**
MPP - Brampton South
www.prabmeetsarkariampp.ca



**Amarjot Sandhu**
MPP - Brampton West
www.amarjotsandhu.com



**Deepak Anand**
MPP - Mississauga-Malton
www.deepakanand.ca



**Nina Tangri**
MPP Mississauga-Streetsville
www.ninatangri.ca



**Sheref Sabawy**
MPP - Mississauga-Erin Mills
www.sabawy.ca


Happy Canada Day from
RUBY SAHOTA
Member of Parliament for Brampton North
• 1 Million new jobs
• Unemployment at record lows
• 825K people lifted out of poverty
• $2,000 more a year in child benefits + lower taxes for typical middle class families
• Up to 50% more Canada Pension Plan benefits
• Millions invested into infrastructure, public transit, and community recreation
• Exports at all-time highs
• A lower and declining debt ratio — the best in G7
Here's what our government has done for you since 2015
CONSTITUENCY OFFICE
50 Sunny Meadow Blvd, Unit 306-307
Brampton, ON L6R 0Y7
(905) 840.0505 | Ruby.sahota@parl.gc.ca
@MPRubySahota @MPRubySahota @MP.RubySahota | www.RubySahotaMP.ca


African Lion Safari
Canada's Original Safari Adventure™
GET CLOSER
Celebrating 50 WILD years!
OPEN DAILY MAY 4 - SEPTEMBER 29, 2019
Save up to $18.00*
*Valid for $3.00 off any regular admission. Offer valid to a maximum of six (6) persons per vehicle. Only one coupon or discount per family vehicle accepted. Cannot be used in conjunction with any other offer. Coupon must be presented at time of ticket purchase. Discounts of any kind will not be accepted after payment has been finalized. No cash value. Not valid for groups. Valid until September 29, 2019.
C0022
Located One Hour West of Toronto. 1386 Cooper Road, Hamilton, Ontario
VISIT LIONSAFARI.COM AND PLAN YOUR TRIP TODAY!


ROYAL CANADIAN Family CIRCUS UNDER THE BIG TOP
MISSISSAUGA - Sheridan Centre
AUGUST 1 – 5
ETOBICOKE • JULY 18 – 21
SCARBOROUGH • JULY 25 – 28
BURLINGTON • AUGUST 9 – 11
MILTON • AUGUST 15 – 18
Run Away to the Circus for a Day!
ALL NEW SHOW
BRING THIS AD TO THE BIG TOP BOX OFFICE
BUY 2 FOR THE PRICE OF 1
Spectac! 2019
BUY 2 FOR THE PRICE OF 1
www.royalcanadiancircus.ca
PROMO CODE: punjabi
"DISCOUNT AVAILABLE ON GENERAL ADMISSION TICKETS ONLY"
Tickets: Sheridan Centre "Rush For Men"
• Woodbine Mall - Guest Services Info Desk
• Bridlewood Mall Management Office
OR: On-site Circus Box Office (on day of performance) - Cash Sales Only
NOTICE - DUE TO FACTORS BEYOND THE CONTROL OF THE CIRCUS, ITS PRODUCER, PRESENTER AND SALES AGENTS; PERFORMERS AND ACTS IN THE SHOW MAY DIFFER FROM THOSE PORTRAYED OR REPRESENTED AND THEREFORE WE ASSUME NO LIABILITY FOR SUCH CHANGES.*
*ACTS SUBJECT TO CHANGE.